

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ।। ਪੋਥੀ ਮਹਮਾ ਪ੍ਰਕਾਸ਼ ਅਉਤਾਰ

ਸ੍ਰੀ ਪਾਰਬ੍ਰਹਮ ਅਬਨਾਸੀ ਨਿਰੰਕਾਰ ਨਿਰੰਜਨ ਜਗਤ ਬਛਲ ਪਤਤ ਉਧਾਰਨ ਜੋਨੈ ਕਲਯੁਗ ਵਿਖੈ ਬਹੁਤ ਅੰਧਕਾਰ ਵਰਤਾਰਾ ਬਰਤਿਆ ਦੇਖ ਕਰ ਕਿਰਪਾ ਕਰਕੈ ਨਿਰੰਜਨੀ ਅਉਤਾਰ ਧਾਰਾ ਜਗਤ ਕੈ ਉਧਾਰਨੈ ਕੈ ਨਮਿਤ ਸ੍ਰਬ ਕਲਾ ਸੰਪੂਰਨ ਭਗਤ ਭਗੈਰਾ ਜੋਗ ਗਿਆਨ ਸੰਜੁਗਤ ਸ੍ਰਰਬ ਉਪਮਾ ਸਪੰਨ ਸੰਬਤ 1526 ਮਾਸ ਵੈਸਾਖ ਤੀਜ ਚਾਂਦਨੀ ਰਾਤ ~~ਅੰਮ੍ਰਿਤ~~ ਵੇਲੈ ਅੰਮ੍ਰਿਤ ਵੇਲੈ ਪਾਰ ਰਾਤ ਰਹਦੀ ਤਿਲਵੰਡੀ ਰਾਇ ਭੋਇਆ ਭਟੀ ਦੇ ਵਿਚ ਕਾਲੂ ਬੇਦੀ ਦੈ ਘਰ ਅਉਤਾਰ ਲੀਆ।। ਸ੍ਰਰਬ ਦੇਵੀ ਦੇਵਤਾ ਸਿਧ ਪੁਨ ਜਨਿ ਦਰਸਨ ਕੋ ਆਏ ਬਡਾ ਮੰਗਲਾਦਾਰ ਹੁਆ।। ਜੋ ਪਰਮੇਸ਼ਰ ਨੈ ਜਗਤ ਕੈ ਉਧਾਰਨੈ ਨਮਿਤ ਐਤਾਲੀਆ ਹੈ ਅੰਮ੍ਰਿਤ ਬਰਖਾ ਕਰੀ।। ਬੋਲੋ ਵਾਹਿਗੁਰੂ ਆਗੈ ਸਾਖੀ ਚਲੀ।। (2) ਏਕ ਸਮੈ ਮਾਤਾ ਤ੍ਰਿਪਤੋ ਜੀ ਬਾਬੈ ਜੀ ਨੋ ਲੈਕਰ ਮੈਜਾਣ ਦੈ ਵਿਚ ਗੁਰੀ ਥੀ ਜੋ ਗੋਰਖ ਨਾਥ ਜੀ ਆਏ ਆਣ ਕੈ ਸਬਦ ਕੀਆ ਅਲਖ ਜਾਗੈ ਤਬ ਸਭ ਸੋਏ ਥੇ ਬਾਬੈ ਜੀ ਨੈ ਗੋਦੀ ਸੈ ਜਵਾਬ ਦਿਤਨੁ ਸੁਵੈ ਨਾ ਜਾਗੈ ਤਬ ਗੋਰਖ ਜੀ ਜਵਾਬ ਦਿਤੋਸੁ ਬਹੁਤ ਪ੍ਰਸੰਨ ਹੋਇ ਇਤਨੈ ਸੈ ਬੇਦੀਆਂ ਕੀ ਕੁਲ ਕੈ ਲੋਕ ਇਕੱਠੇ ਹੋ ਕਰ ਗੋਰਖ ਜੀ ਕੋ ਆਖਨ ਲਗੇ ਹੇ ਜੋਗੀ ਤੈ ਕਿਸਨੈ ਨਮਸਕਾਰ ਕੀਤੀ ਅਰ ਕਿਸਕੀ ਪ੍ਰਦਖਨਾ ਕੀਤੀ ਤਬ ਨਾਥ ਜੀ ਕਹਾ ਤੁਮ ਨਹੀ ਜਾਣਤੇ ਤੁਮਾਰੈ ਕੁਲ ਵਿਚ ਪਰਮੇਸਰ ਨੈ ਭਗਤ ਅਉਤਾਰ ਧਾਰਾ ਹੈ, ਇਸ ਸੋ ਬਹੁਤ ਜਗਤ ਕ੍ਰਿਤਾਰਥ ਹੋਗਾ।। ਮੈਂ ਇਸ ਵਾਸਤੇ ਨਮਸਕਾਰ ਕੀਆ, ਇਸ ਸਾਹ ਕਹਿਦੇ ਗੋਰਖ ਜੀ ਰਸਤੇ ਭਏ।। ਬੋਲੋ ਵਾਹਿਗੁਰੂ।। (3) ਆਗੈ ਕਾਲੂ ਨੈ ਹਰਦਿਆਲ ਪਰੋਹਤ ਕੋ ਬੁਲਾਇਆ ਜੋ ਲੜਿਕੈ ਕਾ ਨਾਮ ਰਖਨਾ ਹੈ, ਬੇਦ ਸਿਰਜਾਦਾ ਅਉਰ ਕੇਦਾ ਕੁਲ ਸਿਰਜਾਦਾ ਕਰਕੈ ਲੜਿਕੈ ~~ਕਾ ਨਾਮ ਰਖਨਾ ਹੈ ਬੇਦ~~ ~~ਸਿਰਜਾਦਾ ਅਉਰ ਕੇਦਾ ਕੁਲ ਸਿਰਜਾਦਾ ਕਰਕੈ~~, ਲੜਿਕੈ ਕਾ ਨਾਉ ਰਖੀਏ।। ਤਬ ਹਰਦਿਆਲ (19)

ਪਰੋਹਤ ਨੈ ਸਭ ਸਿਰਜਾਦਾ ਬਿਸ ਬਿਧਤ ਕਰਕੈ ਪੜੀ ਨਿਕਾਲੀ ਜੋ ਨਾਮ ਵਿਚਾਰ ਕੈ ਰਖੀਏ ਤਬ ਕਿਆ ਦੇਖੈ ਜੋ ਲੜਿਕੈ ਕੀ ਮਹਮਾ ਅਪਰ ਅਪਾਰ ਹੈ ਆਖਿਓਸੁ ਇਸ

Digitized by Panjab Digital Library | www.panjabdigilib.org

ਲੜਿਕੇ ਕੀ ਮਹਮਾ ਨਾਮ ਕੀ ਨਾਮ ਕਾ ਮਹਾਤਮ ਅਪਰ ਅਪਾਰ ਹੈ।। ਧਨ ਭਾਗ ਕੁਲ ਕੇ ਹੈ ਜਿਸ ਕੈ ਸਾਧਨੈ ਅਓਤਾਰ ਲੀਆ ਹੈ।। ਤਬ ਕਾਲੂ ਕਹਿਆ ਵਿਚਾਰ ਕੇ ਨਾਮ ਰੱਖਿਆ ਚਾਹੀਏ ਤਬ ਪਰੋਹਤ ਨੈ ਨਾਨਕ ਚੰਦ ਨਾਮ ਰੱਖਿਆ।। ਤਬ ਬੇਦੀਆ ਨੈ ਕਹਿਆ ਜੋ ਸਾਡੇ ਕੁਲ ਵਿਚ ਐਸਾ ਨਾਮ ਕਦੇ ਨਹੀ ਰਖਿਆ।। ਤਬ ਪਰੋਹਤ ਆਖਿਆ ਜੋ ਆਗੈ ਜੁਗਾ ਵਿਚ ਰਾਮ ਚੰਦ ਕ੍ਰਿਸਨ ਚੰਦ ਅਬ ਨਾਨਕ ਚੰਦ ਨਾਮ ਹੈ ਇਸ ਨਾਮ ਕੋ ਹਿੰਦੂ ਮੁਸਲਮਾਨ ਸਬਦ ਜਪੈਗੇ।। ਸਬ ਬੇਦੀ ਪ੍ਰਸਨ ਹੋਏ ਅਰਦਿਨ ਦਿਨ ਜਪ ਤੁਮ ਅਰ ਮਹਿਮਾ ਇਸ ਕੇ ਕੁਲ ਕੀ ਹੋਵੇਗੀ ਇਹ ਕਹਕੇ ਪਰੋਹਤ ਵਿਚ ਭਇਆ।। ਬੋਲੋ ਭਾਈ ਵਾਹਿਗੁਰੂ ਸਾਖੀ ਹੋਰ ਚਲੀ।। (3) ਆਗੈ ਜਬ ਬਾਬਾ ਜੀ ਸਾਤ ਬਰਖ ਕੇ ਹੂਏ ਤਬ ਕਾਲੂ ਜੀ ਨੈ ਜਨੇਊ ਕਾ ਆਰੰਭ ਕੀਆ ਆਰੰਭ ਕੀਆ ਲੋਕ ਬੇਦ ਕੀ ਰੀਤ ਕੀਆ ਤਬ ਪਰੋਹਤ ਕੋ ਬੁਲਾਇਆ ਸਭ ਕੁਝ ਇਕੱਠਾ ਹੋਇਆ ਤਬ ਬਾਬਾ ਜੀ ਕੋ ਇਸਨਾਨ ਕਰਾਇ ਕਰ ਬਸਤਰ ਪਹਿਰਾਏ ਅਰ ਜਗੋ ਪਵੀਤ ਦੀਆ ਤਬ ਬਾਬਾ ਜੀ ਬੋਲਣ ਲਗੇ ਹੇ ਬ੍ਰਹਮਣ ਐਸਾ ਅਖੰਡਿਤ ਜਨੇਊ ਦੇਹੋ ਜੋ ਟੂਟੈ ਨਾਹੀ ਅਰ ਲੋਕੁ ਪਰਲੋਕ ਸੁਧ ਹੋਵੈ।। ਤਾ ਬਾਬਾ ਜੀ ਸਲੋਕ ਆਖਿਆ।। [ਦਇਆ ਕਪਾਹ ਸੰਤੋਖ ਸੂਤ ਜਤ ਗੰਢੀ ਸਤ ਵਟੁ ਏਹ ਜਨੇਊ ਜੀਆ ਹਦੀ ਤਾ ਪਾਡੇ ਅਤੁ ਨਾ ਵਹੁ ਤੁਟੈ ਨਾ ਮਲ ਲਗੈ ਨਾ ਵਹੁ ਜਲੈ ਨਾ ਜਾਇ।। ਧੰਨ ਸੁਮਾਨਸੁ ਨਾਨਕਾ ਜੋ ਗਲ ਚਲੈ ਪਾਇ ਤਬ ਪਰੋਹਤ ਆਖਿਆ ਕਾਲੂ ਜੀ ਤੇਰਾ ਪੁਤ੍ਰ ਧਰਮ ਰੀਸ ਪਰ ਦੁਖ ਨਿਵਾਰਨ ਹੈ।। ਬੋਲੋ ਵਾਹਿਗੁਰੂ।। (5) ਆਗੈ ਸਾਖੀ ਹੋਰ ਚਲੀ।। ਤਬ ਕਾਲੂ ਜੀ ਪਾਧੇ ਕੇ ਪੜਨੇ ਕੋ ਲੈ ਗਏ ਬਹੁਤ ਮਿਲ਼ ਚਾਰ ਕੀਆ ਤਬ ਬਾਬੇ ਜੀ ਕੋ ਬੈਰਾਖੜੀ ਲਿਖ ਦੀਆ।।

(1 ਅ)

ਅਰ ਪੜਾਵਨ ਲਗੇ ਬਾਬੇ ਜੀ ਬੋਲੇ ਨਹੀ ਤ+ ਪ+ਧੇ ਆਖਿਆ ਤੁਮ ਪੜਦੇ ਕਿਉ ਨਹੀ ਤ+ ਬਾਬੇ ਆਖਿਆ ਏ ਪ+ਧਾ ਤੂੰ ਕਿਆ ਪੜਿਆ ਹੈ ਜੋ ਹਮ ਕੋ ਪੜਾਵੈ

Digitized by Panjab Digital Library | www.panjabdigilib.org

ਤਾਹ।। ਤਬ ਪਾਧੇ ਕਹਿਆ ਮੈ ਸਭ ਕੁਝ ਪੜਿਆ ਹੈ ਬੇਦ ਸਾਸਤਰ ਜੇਮਾ ਖਰਚ ਤਬ ਬਾਬੇ ਜੀ ਆਖਿਆ ਤੇਰੀ ਬਿਦਿਆ ਸਭ ਬੰਧਨ ਕਾ ਮੂਲ ਹੈ ਤਬ ਬਾਬੇ ਜੀ ਸ਼ਬਦ ਉਚਾਰ ਕੀਤਾ।। ਜਲਿ ਮੋਹਿ ਅਸ ਮਸਿਕਰ ਅਤਿਕਾਗਦ ਕਰ ਸਾਰ।। ਭਾਉ ਕਲਮ ਕਰਿ ਚਿਤ ਲਿਖਾਰੀ ਸੁਰ ਪਰਲਿਖਿ ਬੀਚਾਰ।। ਨਾਮ ਲਿਖ ਸਲਾਹ ਲਿਖ ਲਿਖ ਜੀਤ ਨਾ ਪਾਰਾਵਾਰ।।੧।। ਬਾਬਾ ਏਹ ਲੇਖਾ ਲਿਖ ਜਾਣ।। ਜਿਥੇ ਲੇਖਾ ਮੰਗੀਐ।। ਤਿਥੇ ਹੋਇ ਸਦਾ ਨੀਸਾਣ।।੧।। ਰਹਾਉ ਜਿਥੇ ਮਿਲ ਵਡਿਆਈਆ ਸਦ ਖੁਸ਼ੀਆ ਸਦ ਚਾਉ।। ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨ ਸਚਾ ਨਾਉ।। ਕਰਮ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ।।2।। ਇਕ ਆਵਹਿ ਇਕ ਜਾਹਿ ਉਚ ਰਖੀਆ ਨਾਵ ਸਲਾਰ।। ਇਕਿ ਉਪਾਇ ਮੰਗਤੇ ਇਨਾ ਵਡੇ ਕਰਵਾਰ।। ਆਗੈ ਗਇਆ ਜਾਣੀਐ ਦਿਨ ਨਾਵੈ ਵੇਕਾਰ।।3।। ਭੈ ਤੇਰੇ ਡਰ ਅਗਲਾ ਥਪਿ ਥਪਿ ਜਿਜੈ ਦੇਹ।। ਨਾਵ ਜਿਨਾ ਸੁਲਤਾਨ ਖਾਹਨ ਹੋਦੇ ਭਿਠੇ ਖੇਹ।। ਨਾਨਕ ਉਠੀ ਚਲਿਆ ਸਭ ਕੂੜੇ ਤੁਟੇ ਨੇਹ।।4।।

ਇਅਹ ਸ਼ਬਦ ਜਬ ਪਾਧੇ ਸੁਣਿਆ ਤਬ ਹੈਰਾਨ ਹੋਇ ਰਹਾ ਕੁਛ ਕਹਿ ਨਾ ਸਕੇ ਧੰਨ ਧੰਨ ਆਖ ਉਸੁ ਨਮਸਕਾਰ ਕੀਤੋ ਸੁ।। ਬੋਲੋ ਵਾਹਿਗੁਰੂ ਸਾਖੀ ਹੋਰ ⑥ ਮਨ ਪਾਸ ਚਲੀ।। ਕੋਈ ਦਿਨ ਮੁਲਾ ਕੇ ਪੜਨੇ ਕੋ ਲੇ ਗਏ।। ਤਬ ਮੁਲਾ ਅਲਫ਼ ਬੇ ਲਿਖ ਦਿੱਤਾ।। ਅਰ ਬਾਬੇ ਨੂੰ ਲਗਾ ਅਲਫ ਬੇ ਪੜਾਵਣ।। ਤਾ ਬਾਬੇ ਆਖਿਆ ਮੀਆ ਜੀ ਇਸ ਅਲਫ਼ ਬੇ ਕੇ ਪੜ੍ਹਨੇ ਸੇ ਕੁਛ ਖਾਤਰ ਜਮਾ ਨਹੀਂ ਹੋਏਗਾ।। ਕੁਛ ਐਸਾ ਪੜਾਵਉ ਜਿਸ ਪੜੇ ਦੋਨੋ ਜਹਾਨ ਸੁਰਖਰੂ ਹੋਵੈ।। ਤਬ ਮੁਲਾ ਕਹਿਆ ਇਸ ਪੜਨੇ ਸੇ ਇਸ ਲੋਕ ਮੈ ਭੀ ਭਲਾ ਹੋਦਾ ਹੈ ਅਰ ਆਗੈ ਬਿਸਤ ਮਿਲਦਾ ਹੈ।। (2ਓ)

ਤਬ ਬਾਬੇ ਬੋਲੇ ਆਖਿਆ ਜੋ ਐਸਾ ਪੜਾਵੇ ਜਿਸ ਕੇ ਪੜੇ ਸੇ ਬਿਸਤ ਦੋਜ ਦੱਸ ਖੁਲਾਸੀ ਹੋਵੈ ਅਰ ਖੁਦਾਇ ਮੈ ਮੁਹਬਤ ਹੋਵੈ ਹੋਰ ਜੋ ਬਿਨਾ ਖੁਦਾਇਨ ਹੈ ਬਾਤਲ ਹੋਵੈ।। ਤਬ ਮੀਆ ਜੀ ਨੇ ਸਲਾਮ ਕੀਆ।। ਤਾ ਬਾਬਾ ਜੀ ਉਠ ਆਇ

Digitized by Panjab Digital Library | www.panjabdigilib.org

ਬੋਲਣਾ ਵਾਹਿਗੁਰੂ।। ਸਾਖੀ ਹੋਰ ਚਲੀ।। ਬਾਬਾ ਜੀ ਦੁਪ ਕੀਤੇ ਬੈਠੇ ਰਹੇ ਤੋ ਬੈਠੇ ਹੀ ਰਹੇ ਤਬ ਕਾਲੂ ਦੇਖ ਕੇ ਹੈਰਾਨ ਹੋਇ ਗਾਇਆ।। ਤਬ ਆਖਿਉਸ ਹੈ ਬਚਾ ਤੇਰਾ ਮਨ ਬਹੁਤ ਉਦਾਸ ਰੇਹਦਾ ਹੈ ਤੂੰ ਖੇਤੀ ਪਤੀ ਕੀ ਖਬਰ ਲਿਆ ਕਰੋ।। ਤਬ ਬਾਬਾ ਜੀ ਭੈਸ+ ਚਰਣ ਛਡੇਆ+ ਅਰ ਆਪ ਸੋਇ ਰਹੇ।। ਭੈਸ+ ਪਰਾਇਆ ਖੇਤ ਪੈਕੈ ਖਾਇਲੀਆ ਤਬ ਖੇਤ ਵਾਲੇ ਦੇਖ ਕੈ ਗਾਇਕੇ ਰਾਜੇ ਨੈ ਫਰਿਆਦ ਕੀਤੀ ਜੋ ਕਾਲੂ ਕੇ ਪੜ੍ਹ ਨੈ ਮੇਰਾ ਖੇਤ ਉਜਾੜ ਕੀਤਾ ਹੈ ਕੁਛ ਬਾਕੀ, ਨਹੀ ਰਹੀ ਹੈ ਅਤ ਰਾਇ ਨੈ ਪਿਆਦੇ ਕਰ ਦਿੱਤੇ।। ਤਬ ਬਾਬੇ ਜੀ ਆਖਿਆ ਰਾਇ ਜੀ ਇਸ ਦਾ ਕੁਝ ਨੁਕਸਾਨ ਨਹੀ ਹੋਇਆ ਇਹੁ ਝੂਠ ਆਖਦਾ ਹੈ ਤਬ ਰਾਇ ਨੈ ਖੇਤ ਦੇਖਨੈ ਵਾਸਤੇ ਆਦਮੀ ਭੇਜੇ ਜਾ ਦੇਖੈ ਤਾ+ ਏਕ ਪਠਾ ਭੀ ਭੈਸ+ ਨਾਹੀ ਖਾਦਾ ਖੇਤ ਜਿਉ ਕਾ ਤਿਉ ਹੈ।। ਉਨਾ ਆਹਨ ਆਖਿਉਸ ਤਬ ਰਾਇ ਸੁਣ ਕੈ ਹੈਰਾਨ ਹੋਇ ਗਇਆ।। ਆਖਿਉਸ ਕਾਲੂ ਤੇਰਾ ਪੁਤ੍ਰ ਬਡਾ ਖੁਦਾਇਦਾ ਨਜੀਕੀ ਹੈ ਤਾ ਰਾਇ ਨੈ ਬਾਬੇ ਨੂੰ ਵਿਦਿਆ ਕੀਤਾ ਆਦਰ ਨਾਲ।। ਬੋਲੋ ਵਾਹਿਗੁਰੂ ਸਾਖੀ ਹੋਰ ਚਲੀ ਏਕ ਦਿਨ ਫੇਰ ਕਾਲੂ ਆਖਿਆ ਜੋ ਬੇਟਾ ਤੂੰ ਅਪਨੀ ਖੇਤੀ ਦੇ ਬਨੈ ਜਾਇ ਬੈਠਿਆ ਕਰਤਾ ਬਹੁਤ ਭਲਾ ਹੈ ਤੇਰੀ ਸੁਰਤ ਭੀ ਠੈਹਰੀ ਰਹੇਗੀ।। ਆਪਣੇ ਖੇਤ ਕੀ ਰਾਖੀ ਹੋਇਗੀ ਤਬ ਬਾਬਾ ਜੀ ਖੇਤ ਕੈ ਬਨੈ ਜਾਇ ਬੈਠੇ ਰਾਖੀ ਵਾਸਤੇ।। ਤਾ ਜੋ ਕੋਈ ਜਾਨਵਰ ਖੇਤ ਖਾਨੈ ਕੋ ਜਾਏ ਪਰੈ ਤਾ ਬਾਬਾ ਜੀ ਠਾਕੈ ਨਹੀ।। ਸਾਰੈ ਮੁਲਕ ਗਾਉ ਦੇ ਪੰਖੀ ਪਸੂ ਬਾਬੇ ਦੇ ਖੇਤ ਜਾਇ ਬੈਠੇ।। ਖਾਵਨ ਚੁਗਨ ਬਾਬਾ ਜੀ ਵਰਜੇ ਨਾਹੀ ਕਾਲੂ ਨੂੰ ਕਿਸੇ ਜਾਇਆ ਆਖਿਆ ਤੇਰੇ ਪੜ੍ਹਨੈ ਸਭ ਬਨਿਆ ਬਨਾਇਆ ਖੇਤ ਉਜਾੜ ਸੁਟਾ।। ਤਬ ਕਾਲੂ ਆਇਕੈ ਦੇਖਣ ਲਗਾ ਖੇਤ ਪਸੂ ਪੰਖੀ ਸੋ ਭਰਾ ਹੋਇਆ ਦੇਖਿਆ।। ਆਖਿਓਸੁ ਬਚਾ ਖੇਤ ਦੀ ਰਾਖੀ ਕਰਣੀ ਸੀ ਕਿ ਉਜਾੜ ਦੇਨਾ ਸੀ।। ਤਬ ਬਾਬੇ ਆਖਿਆ ਪਿਤਾ ਜੀ ਆਸਾ ਖੇਤ ਕੀ ਰਾਖੀ ਕੀਤੀ ਹੈ ਤੁਸੀ ਲਣਗੇ ਤਬ ਜਾਣੋਗੇ।। ਤਬ ਕਾਲੂ ਜੀ ਨੈ ਕੇਤੇ ਦਿਨੋ ਕੇ ਬਾਦ (2ਅ)

ਖੇਤ ਕਟਾਇਆ ਦਾਣਿਆ ਬੋਹਲ ਬਨਾਇਆ।। ਮਿਲਿਆ ਸਭ ਕੇ ਖੇਤੋ ਸੋ ਦੂਣਾ

Digitized by Panjab Digital Library | www.panjabdigilib.org

ਪਾਇ ਤਬ ਹੈਰਾਨ ਹੋਇ ਗਇਆ।। ਤਬ ਰਾਇ ਨੇ ਬੁਲਾਇ ਕੇ ਕਾਲੂ ਨੂੰ ਆਖਿਆ ਦੇਖ ਤੇਰੇ ਪੁਤ ਦਾ ਤਮਾਸਾ ਇਸ ਦੀ ਗਲ ਕੋਈ ਲਿਖੀ ਨਹੀ ਜਾਂਦੀ ਏਹ ਕੋਈ ਖੁਦਾਇਦਾ ਬੜਾ ਪਿਆਰਾ ਹੈ ਇਸ ਦਾ ਅਦਬ ਕਰਣਾ।। ਬੋਲੋ ਵਾਹਿਗੁਰੂ।। ਸਾਖੀ ਹੋਰ ਚਲੀ।। ਏਕ ਦਿਨ ਬਾਬਾ ਜੀ ਮਾਲ ਕੇ ਬਿਰਛ ਤਲੇ ਸੁਤੇ ਪਏ ਹੋ।। ਜਿਉ ਸੁਤੇ ਤੋ ਤੀਸਰਾ ਪੈਹਰ ਬੀਤ ਗਇਆ।। ਉਸ ਰਾਹ ਜਾਇ ਦੀ ਮਵਾਜੀਆ ਆਈ।। ਜੋ ਦੇਖੈ ਤੋ ਸਭ ਦਰਖਤਾ ਦੀ ਪਰਛਾਹੀ ਜਾਂਦੀ ਹੋਈ ਹੈ। ਅਰ ਉਸ ਦਰਖਤ ਦੀ ਪਰਛਾਹੀ ਜਿਉ ਕੀ ਤਿਉ ਹੈ।। ਤਬ ਰਾਇ ਪੁਛਿਆ ਇਹ ਮੜੁਰ ਕਉਨ ਹੈ ਜਰਾਇ ਦੇਖੋ ਦੇਖੈ ਤੋ ਕਾਲੂ ਦਾ ਪੁਤ ਨਾਨਕ ਹੈ।। ਤਬ ਰਾਇ ਨੇ ਸਲਾਮ ਕੀਆ।। ਅਤੇ ਕਹਿਆ ਜੋ ਦੋਸਤ ਖੁਦਾਇਦਾ ਹੈ ਬੋਲੋ ਵਾਹਿਗੁਰੂ।। ਸਾਖੀ ਹੋਰ ਚਲੀ।। ਫਿਰ ਬਾਬਾ ਜੀ ਨਾ ਕਿਸੀ ਨਾਲ ਬੋਲੈ ਨਾ ਬਾਤ ਕਰੈ ਬੈਠੇ ਤੋ ਬੈਠੇ ਹੀ ਰਹੇ ਪੜੈ ਤੋ ਪੜੈ ਹੀ ਰਹੈ।। ਬਹੁਤ ਦਿਨ ਇਸੀ ਤਰਾ ਬਤੀਤ ਹੋਏ ਤਬ ਕਾਲੂ ਨੂੰ ਲੋਕਾ ਆਖਿਆ ਤੂੰ ਪੁਤ ਦੀ ਖਬਰ ਲੈਦਾ ਨਾਹੀ ਏਕ ਪੁਤ ਤੇਰਾ ਹੈ ਉਸਦਾ ਇਹ ਹਾਲ ਹੈ ਉਸ ਦਾ ਦੁਖ ਸੁਖ ਕੁਛ ਮਲੂਮ ਨਹੀ ਹੋਦਾ ਹੋਈ ਸੋਆਚਰ ਬੈਦ ਸਦ ਕੈ ਦੇਖਾਉ ਜੋ ਕਿਆ ਬੇਦਨ ਹੈ ਤਬ ਕਾਲ ਬੈਦ ਕੋ (30)

ਬੁਲਾਇ ਲਿਆਇਆ।। ਬਾਬਾ ਜੀ ਖਾਣ ਪਰਪੜੇ ਤਬ ਬੈਦ ਹਾਥ ਪਕੜ ਕੈ ਨਾਰੀ ਦੇਖਣ ਲਗਾ।। ਤਬ ਬਾਬਾ ਜੀ ਬੋਲਿਆ।। ਸਲੋਕ ਮਹਲਾ੧।।

ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।। ਭੋਲਾ ਵੈਦ ਨ ਜਾਣਈ ਕਰਕ ਕਲੇ ਜੇ ਮਾਹਿ।। ਮ:2।। ਵੈਦ ਵੈਦ ਸੁਵੈਦ ਤੂੰ ਪਹਿਲਾ ਰੋਗ ਪਛਾਣ, ਐਸਾ ਦਾਰੂ ਲੋੜਿ ਲੁਹ ਜਿਤ ਵੰਞੈ ਰੋਗਾ ਆਣ ਤਬ ਬੈਦ ਨੇ ਬਾਂਹ ਹੱਥ ਛੱਡ ਦਿਤਸੁ।। ਤਬ ਆਖਣਸੈ ਭਾਈ ਇਸ ਨੂੰ ਰੋਗ ਕੁਛ ਨਾਹੀ ਏ ਪਰਦੁਖ ਨਿਵਾਰਨ ਹੈ ਇਸ ਦੀ ਲੀਲਾ ਕੁਛ ਆਖੀ ਨਹੀ ਜਾਂਦੀ।। ਬੈਦ ਨਮਸਕਾਰ ਕਰਕੇ ਉਠ ਘਰ ਗਇਆ।। ਬੋਲੋ ਵਾਹਿਗੁਰੂ ਸਾਖੀ ਹੋਰ ਚਲੀ।। ਤਬ ਬਾਬਾ ਜੀ ਬਹੁਤ ਉਦਾਸ ਰਹੇ ਤਬ ਕਾਲੂ ਜੀ ਦੇਖਿਆ

Digitized by Panjab Digital Library | www.panjabdigilib.org

ਇਨਕਾ ਮਨ ਲਗਦਾ ਨਹੀ ਕੁਛ ਧੰਧਾ ਕਰੇ ਤੋ ਭਲਾ ਹੈ ਤਬ ਆਖਿਓਸ ਬਚਾ
ਤੂੰ ਖੇਤੀ ਦਾ ਉਦਮ ਕਰਿ।। ਤੇਰਾ ਮਨ ਪਰਚਿਆ ਰਹੇ।। ਅਤੇ ਗੁਦਗਨ ਹੋਵੇ।।
ਤਬ ਬਾਬੇ ਜੀ ਆਖਿਆ ਪਿਤਾ ਜੀ ਅਸਾ ਖੇਤੀ ਕੀਤੀ ਹੈ ਤਬ ਕਾਲੂ ਆਖਿਆ
ਤੇਰੀ ਖੇਤੀ ਤੋ ਨਜ਼ਰ ਨਹੀ ਆਉਂਦੀ।। ਤਬ ਬਾਬੇ ਆਖਿਆ ਪਿਤਾ ਜੀ
ਅਸੀ ਐਸੀ ਖੇਤੀ ਕੀਤੀ ਹੈ ਜੋ ਦਿਨ ਦਿਨ ਸਵਾਈ ਹੋਵੈਗੀ।। ਭਾਈ ਬੰਦ
ਕੁਲ ਕੁਟੰਬ ਸਭ ਵਰਸਾਵੈਗਾ।। ਤੋਟ ਨਾ ਆਵੈਗੀ।। ਹਮਾਰੀ ਨਾਮ ਕੀ
ਖੇਤੀ ਹੈ ਤਬ ਕਾਲੂ ਚੁਪ ਕਰ ਰਹਿਆ ਤਬ ਸਭ ਪਰਵਾਰ ਆਖਿਆ ਤੂੰ ਨਾਨਕ
ਜੀ ਦੇ ਵਿਵਾਹ ਦੀ ਫਿਕਰ ਕਰਿ।। ਤਬ ਕਾਲੂ ਬਾਬੇ ਜੀ ਦੀ ਸ਼ਗਾਈ ਕਰਵਾਈ।।
ਅਰ ਵਿਵਾਹ ਕਾ ਸਰੰਜਾਮ ਕੀਆ ਤਾਂ ਮੂਲੇ ਚੰਦ ਕੇ ਘਰ ਕਾਲੂ ਬਾਬੇ ਜੀ ਦੀ
ਬਰਾਤ ਲੇਕਰ ਚਢਿਆ ਬਰਾਤ ਜਾਇ ਦਾਖਲ ਹੋਈ।। ਬਡੇ ਅਨੰਦ ਸੋ ਬਿਆਹ
ਹੋਇਆ ਜਿਸ ਜਿਸ ਉਸ ਵਕਤ ਦਰਸਨ ਕੀਤਾ ਸੋ ਨਿਹਾਲ ਹੋਇਆ ਕਉ ਮਹਮਾ
ਕਹੀ ਜਾਇ ਤਬ ਬਿਆਹ ਕਰਕੇ ਬਾਬਾ ਘਰ ਆਇਆ ਅਨੰਦ ਵਧਾਈ ਹੋਈ
ਬੋਲੋ ਵਾਹਿਗੁਰੂ।। ਸਾਖੀ ਹੋਰ (3ਅ)

ਚਲੀ।। ਫਿਰ ਬਾਬੇ ਦੀ ਸੁਰਤਿ ਕਹੀ ਠਹਰੇ ਨਾਹੀ।। ਕਾਲੂ ਦੇਖਨੇ ਬਹੁਤ
ਦਿਲਗੀਰ ਹੋਇਆ ਕਿਆ ਫਿਕਰਿ ਕਰੀਐ ਜੋ ਨਾਨਕ ਦਾ ਜੀਅ ਠਹਰੇ।।
ਤਬ ਕਾਲੂ ਆਖਿਆ ਬਚਾ ਤੂੰ ਕਿਛ ਬੈਪਾਰ ਕਰੈ।। ਤਉ ਬੀਸ ਰੁਪਈਏ ਪੂੰਜੀ
ਦਿੱਤੀ ਨਾਲ ਹਲੂਅਦਿਤਾ।। ਜੋ ਸੂਤ ਮਹੀਨ ਲੈ ਆਵਹੁ ਤਬ ਬਾਬਾ ਸੂਤ ਸੇਨ ਕੋ
ਚਲੇ।। ਆਗੇ ਚਲੇ ਤੋ ਏਕ ਜੰਗਲ ਮੈ ਬਹੁਤ ਸਾਧੂ ਬੈਠੇ ਡਿਠੇ।। ਉਨਾ ਪਾਸ ਬਾਬਾ
ਜੀ ਜਾਇ ਬੈਠੇ।। ਹਰਿ ਕੀ ਚਰਚਾ ਹੋਈ।। ਤਬ ਬਾਬਾ ਜੀ ਬੀਸੋ ਰੁਪਈਏ
ਸਾਧਾ ਕੇ ਆਗੇ ਭੁਖੇ ਆਗੇ ਰਖ ਕੇ ਘਰ ਕੋ ਫਿਰ ਆਏ।। ਤਬ ਕਾਲੂ ਜੀ ਪੁਛਿਆ
ਬਚਾ ਸੌਦਾ ਲਿਆਇ ਹਉ ਸੋ ਦੇਖਉ।। ਬਾਬੇ ਆਖਿਆ ਪਿਤਾ ਜੀ ਅਸੀ ਬਡੇ
ਨਫੇ ਦਾ ਸਉਦਾ ਕਰ ਆਏ ਹੈ ਤਬ ਟਹਲੀਏ ਆਖਿਆ ਜੋ ਰੁਪਈਏ ਫਕੀਰਾਂ ਕੋ ॥

Digitized by Panjab Digital Library | www.panjabdigilib.org

ਦੇਕਰ ਉਠਿ ਆਇਆ ਹੈਨ ਸੁਨਿ ਕਰ ਕਾਲੂ ਬਹੁਤ ਦਿਲਗੀਰ ਹੋਇਆ।। ਗਮਾ ਕਰਨ ਲਗਾ।। ਤਬ ਰਾਇ ਬੁਲਾਰ ਸੁਣਿਆ ਕਾਲੂ ਕੋ ਸਦਿ ਕੇ ਆਖਣੈਸੁ ਨਾਨਕ ਨੂੰ ਦਿਲਗੀਰ ਮਤ ਕਰਨਾ।। ਏ ਹ ਪਰਮੇਸਰ ਦਾ ਪੂਰਾ ਹੈ ਤਾ ਕਾਲੂ ਜੀ ਖਿਮਾ ਕਰਿ ਰਹਿਆ।। ਬੋਲੋ ਵਾਹਿਗੁਰੂ।। ਸਾਖੀ ਹੋਰ ਚਲੀ।। ਤਬ ਕਾਲੂ ਦੇਖਿਆ ਨਾਨਕ ਬਹੁਤ ਉਦਾਸ ਰਹਤਾ ਹੈ ਕਿਆ ਫਿਕਰ ਕਰੀਏ ਤਬ ਸਲਾਹ ਕੀਤੀ ਜੋ ਨਾਨਕ ਜੈ ਰਾਮ ਪਾਸ ਭੇਜੀਏ।। ਤਬ ਕਾਲੂ ਬਾਬੇ ਨੂੰ ਆਖਿਆ ਤੁਹਾ ਭਹਨੋਈ ਜੈ ਰਾਮ ਖਾਨ ਦਾ ਦੀਵਾਨ ਹੈ ਸੁਲਤਾਨਪੁਰ ਵਿਚਿ।। ਤੂੰ ਉਥੇ ਜਾਇ ਜੋ ਕਮ ਕਾਜ ਭੀ ਹੋਵੈਗਾ।। ਤੇਰੀ ਬੁਹਤ ਭੀ ਹੋ ਜਾਗੈਗੀ ਤਬ ਬਾਬੇ ਜੀ ਆਖਿਆ ਭਲਾ ਜੀ ਤਬ ਬਾਬੇ ਤਿਆਰੀ ਕੀਤੀ।। ਜਬ ਬਾਬਾ ਜੀ ਚਲਣ ਲੱਗੇ ਤਬ ਮਾਤਾ ਬਾਬੇ ਜੀ ਕਾ ਕਬੀਲਾ ਆਖਨ ਲਗੀ ਜੀ ਮੇਹਰਬਾਨ ਤੁਸੀ ਏਥੇ ਸਾਨੂੰ ਨਜਰ ਆਉਦੇ ਸੇ ਅਤ ਮੁਹੋ ਨਹੀ ਸੇ ਬੁਲਾਵਦੇ ਤਾ ਮੇਰੀ (48)

ਪਾਤਸਾਹੀ ਸੀ।। ਤਾ ਬਾਬੇ ਆਖਿਆ ਅਸੀ ਤੇਰੇ ਪਾਸ ਨੇਰੇ ਹੀ ਹਾ ਚਿੰਤਾ ਨਾ ਕਰੋ ਤੇਰੀ ਪਾਤਸ਼ਾਹੀ ਜੁਗੋ ਜਗ ਹੋਵੇਗੀ ਇਹ ਕਹਿ ਕਿ ਬਾਬਾ ਸੁਲਤਾਨਪੁਰ ਗਏ ਸੁਲਤਾਨ ਪੁਰ ਜਾਇ ਪਹੁੰਚੇ ਜੈਰਾਮ ਦੇਖ ਕੇ ਬਹੁਤ ਰਾਜੀ ਹੋਇਆ ਅਰ ਨਵਾਬ ਨੂੰ ਜਾਇ ਕਰ ਆਖਿਓ ਸਾਜੋ ਨਾਨਕ ਦਾ ਦਰਮਾਹਾ ਅਰ ਖਿਦਮਤ ਕਰ ਦੀਜੀਏ ਬੁਰਾ ਕਮ ਦਾ ਆਦਮ ਹੈ।। ਤਬ ਨਵਾਬ ਨੇ ਮੋਦੀਖਾਨਾ ਸਪੁਰਦ ਕੀਤਾ ਤਬ ਬਾਬਾ ਜੀ ਮੋਦੀਖਾਨੇ ਪਰ ਬੈਠੇ ਜੋ ਕੋਈ ਅਰਥੀ ਜਾਚਨਾ ਕਰੇ ਸੋ ਬਾਬਾ ਜੀ ਸਭ ਕਾ ਮਨੋਰਥ ਪੂਰਾ ਕਰੇ ਕਿਸਨੇ ਖਾਨ ਨੂੰ ਆਖਿਆ ਜੋ ਤੇਰਾ ਮੋਦੀਖਾਨਾ ਨਾਨਕ ਲੁਟਾਇ ਦੀਆ ਹੈ ਤਬ ਖਾਨ ਨੇ ਅਹਨ ਕਰ ਮੋਦੀਖਾਨੇ ਦੀ ਖਬਰ ਲਈ।। ਤੋ ਸਭ ਕੁਛ ਦੂਨੋ ਦੂਨਾ ਡਿਠਾ, ਬਹੁਤ ਖੁਸ਼ ਹੋਇਆ।। ਆਖਿ ਵੈਸੁ ਮੇਰਾ ਸੋਹੀ ਬੜਾ ਦਿਆਨਤਦਾਰ ਹੈ ਖਾਬੇ ਜੀ ਦੀ ਬਹੁਤ ਉਸਤਤ ਕੀਤੋਸੁ।। ਘਰ ਕੋ ਗਇਆ।। ਅਰ ਬਾਬੇ ਜੀ ਨੇ ਰਾਤ ਨੋ ਟਹਲ ਹੋਤਾ ਸਾ।। ਅਰ ਪਹਰ ਰਾਤ ਰਹਦੀ ਦਰੀਆਉ ਕੋ ਇਸਨਾਨ ਕੋ ਜਾਤੇ ਥੇ ਇਕ ਦਿਨ ਜੋ ਇਸਨਾਨ ਕੋ ਗਏ ਜਿਓ ਵੇਈ ਵਿਚਿ ਜਾਇ

Digitized by Panjab Digital Library | www.panjabdigilib.org

ਤਿਉ ਫਿਰ ਨਿਕਲੇ ਨਾਹਿ ਪਹਰ ਦਿਨ ਤਕ ਟਹਲੀਆ ਦੇਖਦਾ ਰਹਾ ਜਬ ਨਾ ਨਿਕਲੇ ਤਬ ਕਪੜੇ ਲੈਕਰ ਘਰ ਆਇਆ।। ਜੈਰਾਮ ਸੋ ਕਹਿ ਵੈਸੁ ਜੋ ਨਾਨਕ ਪਹਰਗਤ ਨੋ ਨਦੀ ਨਹਾਵਣ ਪਇਆ ਸੋ ਨਿਕਲੋ ਨਾਹੀ ਤਬ ਜੈਰਾਮ ਸੁਣ ਕਰ ਬਹੁਤ ਦਿਲਗੀਰ ਹੋਇਆ ਨਵਾਬ ਨੂੰ ਜਾਇ ਕਰ ਖਬਰ ਦਿਤਿ ਵੈਸੁ ਤਬ ਨਵਾਬ ਨੇ ਜਾਲ ਭੇਜਵਾਏ।। ਬਹੁਤ ਤਲਾਸ ਕਰਿ ਵੈਸੁ ਨਾ ਪਾਇਆ।। ਤਬ ਤਿਨ ਦਿਨ ਤਿਨ ਰਾਤ ਬਤੀਤ ਹੋਈ।। ਤਬ ਬਾਬਾ ਜੀ ਨਹੀ ਸੋ ਨਿਕਲੇ।। ਨਿਕਲ ਕਰਏ ਹੀ ਅਵਾਜ਼ ਕਰਕੇ ਨਿਕਲੇ ਜੋ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ ਹੈ।। ਏਹ ਬਾਤ ਖਾਨ ਨੇ ਸੁਣੀ ਜੋ ਨਾਨਕ (4 ਅ)

ਦਰਿਆਉ ਵਿਚੋ ਨਿਕਲਿਆ ਹੈ ਅਰ ਐਸੇ ਕਹਿਦਾ ਹੈ।। ਤਬ ਖਾਨ ਨੇ ਆਦਮੀ ਭੇਜਿਆ ਜੋ ਵਾਸਤੇ ਖੁਦਾਇਦੇ ਦਿਦਾਰ ਦੇਓ।। ਤਬ ਬਾਬਾ ਜੀ ਖਾਨ ਪਾਸ ਗਏ।। ਤਬ ਖਾਨ ਨੇ ਬਹੁਤ ਅਦਬ ਕੀਤਾ।। ਅਰ ਬਹੁਤ ਖੁਸ਼ ਹੋਇਆ।। ਤਬ ਨਿਵਾਜ ਕਾ ਵਖਤ ਥਾ।। ਨਵਾਬ ਨਿਵਾਜ ਪਰ ਖੜਾ ਹੁਆ।। ਅਰ ਕਾਜੀ ਭੀ ਨਿਵਾਜ ਪਰ ਖੜਾ ਹੁਆ।। ਤਬ ਬਾਬਾ ਜੀ ਪਾਸ ਖੜੇ ਹੋ ਰਹੇ ਜਬ ਕਾਜੀ ਨਿਵਾਜ ਪੜਨ ਲਗਾ ਤਬ ਬਾਬਾ ਜੀ ਹਸੇ ਜਬ ਕਾਜੀ ਨਿਵਾਜ ਪੜ ਚੁਕਾ ਤਬ ਨਵਾਬ ਕੋ ਆਇਓਸ ਦੇਖੋ ਹਿੰਦੂ ਹਮਾਰੀ ਨਿਵਾਜ ਕੋ ਹਸਦਾ ਹੈ ਤਬ ਨਿਵਾਬ ਬਾਬਾ ਆਖਿਆ।। ਨਾਨਕ ਜੀ ਤੁਸੀ ਨਿਵਾਜ ਪੜਦੇ ਕੋ ਕਿਉ ਹਸੇ ਹੋ।। ਤਬ ਬਾਬੇ ਆਖਿਆ ਕਾਜੀ ਜੀ ਨਿਵਾਜ ਕਬੂਲ ਨਹੀ ਪਈ।। ਕਾਜੀ ਕੇ ਘਰ ਘੋੜੀ ਵਿਆਈ ਹੈ ਐਗਣੇ ਸੇ ਕੋਈ ਹੈ ਕਾਜੀ ਕੀ ਸੁਰਤ ਉਹਾ ਗਈ ਜੋ ਬਛੇਰੀ ਕੂ ਈ ਸੇ ਨਾ ਪੜੇ ਕਾਜੀ ਨਾਈਮਾਨ ਉਚਨਾਥਾ।। ਅਰ ਨਵਾਬ ਕਾਜੀ ਨੂੰ ਆਖਿਆ ਕਾਜੀ ਨਾਨਕ ਨੂੰ ਬੁਲਾਵਨਾ ਜੁਨਾਹ ਹੈ।। ਏ ਖੁਦਾ ਇ ਦਾ ਬਡਾ ਦੋਸਤ ਹੈ ਤਬ ਬਾਬੇ ਜੀ ਕੋ ਜੈਰਾਮ ਘਰ ਲੈ ਆਇਆ।। ਅਰ ਬਹੁਤ ਉਪਦੇਸ ਕੀਤਾ ਤੁਸੀ ਕਪੜੇ ਪਹਨੋ ਤਬ ਬਾਬਾ ਜੀ ਕਪੜੇ ਪਹਰੇ ਨਾਹੀ ਜਤਨ ਬਹੁਤ ਕਰ ਰਹਾ ਸੰਸਾਰ ਕੀ ਬਾਤ ਕੋਈ ਪਿਆਰੀ

Digitized by Panjab Digital Library | www.panjabdigilib.org

ਲਗੇ ਨਾ ਹੀ ਮਰਦਾਨਾ ਢਾਢੀ ਤੁਲਵੈਹੀ ਸੇ ਬਾਬੇ ਜੀ ਦੇ ਖਬਰ ਨੂੰ ਆਇਆ ਥਾ।। ਤਿਸ ਨੋ ਬਾਬਾ ਜੀ ਸਾਥ ਲੈਕਰ ਉਦਾਸ ਹੋ ਕਰ ਬਾਹਿਰ ਕੋ ਨਿਕਲੇ ਬਹੁਤ ਧਰਤੀ ਕਾ ਗਵਨ ਕੀਤਾ ਤਬ ਸਮੇਰਪਰ ਭੀ ਸਿਧ ਸੇ ਗੋਸਟ ਹੋਈ ਤਹਾਂ ਸਮੇ ਇਕਰ ਨਾਨਕ ਮਤਾ ਅਸਥਾਪਨ ਕੀਤਾ।। ਇਤਨੇ ਸੇ ਬਾਹਰ ਬਰਸ ਬਤੀਤ ਭਏ ਤਬ ਨਾਨਕ ਫਿਰ ਸੁਲਤਾਨਪੁਰ ਆਏ। (50)

ਤਬ ਜੈਰਾਮ ਕੇ ਘਰ ਆਏ।। ਤਬ ਬੀਬੀ ਨਾਨਕੀ ਜੀ ਨੇ ਮਰਦਾਨੇ ਸੇ ਪੁਛਿਆ ਸੋ ਤੂੰ ਅਰ ਬਾਬਾ ਨਾਨਕ ਕਿਥਉ ਆਏ ਹੈਨ ਤਾ ਮਰਦਾਨੇ ਕਹਿਆ ਜੋ ਅਜ ਤੋ ਆਏਗੈ, ਬਡੇ ਬਡੇ ਸਿਧ ਪਾਪਾ ਸੋ ਗੋਸਟ ਭਈ ਹੈ ਬਾਬੇ ਨੇ ਸਭ ਕੋ ਜਿਤਿਆ ਹੈ।। ਅਉਰ ਕੋ ਉਨ ਕਉਨ ਜਾਗਾ ਕੀ ਖਬਰ ਦੇਵੇ।। ਇਹ ਤਾ ਕੋਈ ਬਡਾ ਭਗਤ ਹੈ।। ਇਸਦੀ ਮਹਮਾ ਲਖੀ ਨਹੀ ਜਾਂਦੀ।। ਤਬ ਬੀਬੀ ਆਖਿਆ ਮਰਦਾਨਾ ਫੇਰ ਇਅਹ ਗਲ ਕਿਸੇ ਨੂੰ ਨਹੀ ਦਸਨੀ।। ਪਰਮੇਸਰ ਲੋਕਾਂ ਦੀ ਗਲ ਸੰਸਾਰ ਦੇ ਲੋਕਾਂ ਨੂੰ ਨਹੀ ਦਸੀਦੀ ਤਬ ਬਾਬਾ ਜੀ ਸਮੇਤ ਮਰਦਾਨੇ ਤੁਲਵੈਹੀ ਆਏ ਤਾ ਬਾਬਾ ਜੀ ਬਸੇਤ ਮਰਦਾਨਾ ਘਰ ਆਇਆ।। ਮਾਤਾ ਜੀ ਨੇ ਪਾਸ ਆਸੀਸ ਕੀਤੀਆ ਸੁ।। ਤਬ ਮਾਤਾ ਜੀ ਪੁਛਿਅਸੁ ਮਰਦਾਨਾ ਕਿਸੇ ਵਲ ਮੇਰੇ ਸੁਪਤ੍ਰ ਕੋ ਭੀ ਛਿਠਵੋਸੁ।। ਤਬ ਮਰਦਾਨੇ ਆਖਿਆਸੁ ਬਾਹਰ ਬਰਸ ਤੇਰੇ ਪੁਤ੍ਰ ਨਾਲ ਫਿਰਦਾ ਆਇਆ ਹਉ।। ਬਾਹਰ ਖੂਏ ਉਪਰ ਬੈਠਾ ਹੈ ਤਬ ਮਾਤਾ ਜੀ ਮਰਦਾਨੇ ਸਉ ਪੁਛਿਆ ਬਾਬੇ ਦੇ ਪਾਸ ਆਈ।। ਦੇਖ ਕਰ ਬਹੁਤ ਪ੍ਰਸੰਨ ਭਈ।। ਬਾਬਾ ਜੀ ਮਾਤਾ ਜੀ ਦੇ ਚਰਨਾ ਪਰ ਗਿਰੇ ਤਬ ਮਾਤਾ ਜੀ ਆਖਿਆ ਬੇਟਾ ਮੈ ਵਾਰੀ ਘੋਲੀ ਮੈ ਸਦਕੇ ਕੀਤੀ ਉਸ ਰਾਹਕੋ ਜਿਨ ਰਾਹ ਨੂੰ ਆਇਆ ਹੈ।। ਤਬ ਮਾਤਾ ਜੀ ਬਹੁਤ ਬੈਰਾਗ ਕੀਆ ਬਾਬਾ ਜੀ ਭੀ ਬੈਰਾਗ ਕਰਨੇ ਲਗੇ ਤਬ ਮਾਤਾ ਜੀ ਕਹਿਆ ਬਚਾ ਘਰ ਚਲੋ।। ਤਬ ਬਾਬੇ ਜੀ ਆਖਿਆ ਮਾਤਾ ਜੀ ਅਸੀ ਤੁਸਾਡੇ ਦਰਸ਼ਨ ਨੂੰ ਆਵੇਗਾ, ਅਜੇ ਆਤਮਾ ਸਾਡਾ ਬਹੁਤ ਉਦਾਸ ਹੈ ਇਤਨੇ ਸੇ ਬਾਬਾ ਕਾਲੂ ਜੀ ਬਸਤ ਮਿਠਆਈਏ ਘੋੜਾ

Digitized by Panjab Digital Library | www.panjabdigilib.org

ਸਭ ਆਏ।। ਬਾਬਾ ਜੀ ਕੁਛ ਕਬੂਲ ਕੀਤੇ ਨਾਹੀ ਤਬ ਬਾਬੇ ਕਾਲੂ ਆਖਿਆ ਬਚਾ ਪ੍ਰਸਾਦ ਖਾਹੋ ਬਸਤਰ ਪਹਿਨੋ ਘਰ ਚਲੋ ਮੇਰੇ ਘਰ ਹੋਰੁ ਸਭ ਕੁਛ ਹੈ ਤੇਰੇ ਬਿਨਾ ਕੋਈ ਬਸਤ ਸੁਖਦਾਇਕ ਨਹੀ ਤਾ ਬਾਬੇ ਜੀ ਕਹਿਆ ਪਿਤਾ ਜੀ

(5 ਅ)

ਸਾਡੀ ਸੁਰਤ ਲਗਦੀ ਨਹੀ ਇਅਹ ਕਰਕੇ ਫਿਰ ਉਠ ਚਲੇ।। ਪਿਛੇ ਸੇ ਮਰਦਾਨਾ ਭੀ ਜਾਇ ਮਿਲਿਆ।। ਤਬ ਚਲੇ ਚਲੇ ਕਾਬਲ ਮੋ ਗਏ ਮੀਰ ਬਾਬਰ ਸੋ ਮੁਲਾਕਾਤ ਹੋਈ।। ਮੀਰ ਬਾਬਰ ਨੇ ਭਾਂਗ ਕਾ ਕਦਕੌਲ ਆਗੇ ਰੱਖਿਆ ਕਹਾ ਫਕੀਰ ਸਾਹਿਬ ਭਾਂਗ ਖਾਈਏ।। ਤਾ ਬਾਬੇ ਜੀ ਕਹਿਆ ਮੀਰ ਜੀ ਹਮ ਐਸੀ ਭਾਂਗ ਸਾਕੀ ਹੈ ਜਿਸਦਾ ਨਸਾ ਉਤਰਦਾ ਨਹੀ ਤਬ ਬਾਬਰ ਹਥ ਬਾਂਨ ਕੇ ਬਲੈਤੀ ਕੀਆ।। ਹਮ ਕੋ ਹਿੰਦੁਸਤਾਨ ਕੀ ਪਾਤਸਾਹੀ ਮਿਲੈ।। ਤਬ ਬਾਬੇ ਬਚਨ ਕੀਤਾ ਜੋ ਤੈਨੂੰ ਹਿੰਦੁਸਤਾਨ ਦੀ ਪਾਤਸਾਹੀ ਮਿਲੇਗੀ ਤਬ ਉਅਹ ਸੋ ਚਲੇ।। ਆਣ ਤੇ ਆਵਤੇ ਇਕ ਜਾਗਹ ਪਰ ਆਏ ਮਰਦਾਨੇ ਆਖਿਆ ਮਹਰਵਹਨ ਬਛੀ ਭੁਖ ਲਗੀ ਹੈ ਤਾਂ ਬਾਬੇ ਜੀ ਆਖਿਆ ਮਰਦਾਨਿਆ ਇਅਹ ਲੜਕਾ ਦੁਬਿਆਂ ਚਰਾਵਤਾ ਹੈ ਇਸਦਾ ਨਾਉ ਹਸਨ ਹੈ ਤੂ ਉਸ ਤੇ ਦੁਧਲੇ ਆਉ ਜਾਇ ਕਰ ਤਬ ਮਰਦਾਨੇ ਹਸਨ ਸੋ ਦੁਧ ਮੰਗਿਆ ਹਸਨ ਕਹਿਆ ਮੇਰੀ ਦੁੰਮੀ ਦੁਧ ਚੋਤੀ ਨਹੀ ਤਬ ਬਾਬੇ ਜੀ ਕਹਿਆ ਹਮਾਰੇ ਬਚਨ ਕਰ ਦੁਸ ਹੋਇਆ।। ਤੂੰ ਦੁਇ ਕੇ ਤਬ ਹਸਨ ਦੁਧ ਦੁਹਨੇ ਲਗਾ ਮਰਦਾਨੇ ਨਓ ਭਾਡਾ ਭਰ ਦੀਆ।। ਤਬ ਹਸਨ ਬਾਬੇ ਕੇ ਚਰਨਾ ਪਰ ਪੜਾ ਬਾਬੇ ਜੀ ਬਡੀ ਖੁਸ਼ੀ ਕੀਆ ਬਚਨ ਕੀਆ ਹਸਨ ਅਬਦਾਲ ਬਡਾ ਅਉਲੀਆ ਹੋਇ ਗਇਆ।। ਉਸ ਕੋ ਓਹਾ ਹੀ ਛਡ ਕਰ ਬਾਬਾ ਜੀ ਚਲੇ।। ਸੇਖ ਫਰੀਦ ਕੇ ਪਵਨ ਆਇ ਕਰ ਨਿਕਲੇ।। ਤੀਨ ਕੋ ਸਪਰ ਜੰਗਲ ਮੋ ਬੈਠੇ ਮਰਦਾਨਾ ਨੋ ਆਖਿਆ ਜੋਰ ਬਾਬਾ ਬਜਾਉ।। ਸਬਦ ਉਚਾਰ ਹੋਇਆ।। ਆਪੇ ਪਟੀ ਕਲਮ ਆਪ ਉਪਰ ਲੇਖ ਭੀ ਤੂੰ ਏਕ ਕਹਿ ਨਾਨਕਾ ਦੂਜਾ ਕਾਹੇ ਕੂ।। ਦੂਜਾ ਕਾਹੇ ਸਿਮਰੀਏ ਜੰਮੇ ਤੇ ਮਰ ਜਾਏ।। ਏਕ ਸਿਮਰੋ ਨਾਨਕਾ ਜਲ ਥਲ ਰਹਿਆ ਸਮਾਏ।। ਇਅਹੁ ਸਬਦ ਸੇਖ ਕਮਾਲ ਕੇ ਸੁਨਾਵੈ ਸਿੱਖ ਇਬਰਾਹੀਮ ਸੇਖ ਫਰੀਦ ਕਾ ਪਤਾ ਤਿਸਦਾ ਦੇਲਾ ਸੇਖ (6 ੳ)

Digitized by Panjab Digital Library | www.panjabdigilib.org

ਕਮਾਲ ਖ+ ਵਹ ਲਕੜੀਅ+ ਚਲਦਾ ਸਾ ਬਾਬੇ ਦੀ ਬਾਨੀ ਸੁਣ ਕਰ ਆਏ ਅਪਣੇ ਪੀਰ ਕੋ ਜਾਇ ਕਰ ਕਹਿਆ ਜੋ ਬਡਾ ਵਲੀ ਖੁਦਾਇ ਦਾ ਆਇਆ ਹੈ ਅਪਨੀ ਕਲਾਮ ਆਖਦਾ ਹੈ ਪੀਰ ਬਾਬੇ ਕਾ ਬਚਨ ਸੁਣਦਾ ਹੀ ਆਇ ਕਰ ਮਿਲਿਆ ਬਹੁਤ ਕਾਜੀ ਹੋਇਆ।। ਸੁਖਪਾਲ ਪਰ ਸਵਾਰ ਹੋ ਕਰ ਆਏ ਬਾਬੇ ਕੋ ਮਿਲਿਆ ਦਸਤ ਪੋਹੀ ਕੀਤੀ।। ਆਖਿ ਵੋਸੁ ਨਾਨਕ ਜੀ ਤੁਮਾਰੀ ਕਲਾਮ ਸੁਇ ਕਰ ਹੈਰਾਨ ਹੋਇਆ ਹਉ।। ਚਿਕਾ ਸਾਈ ਜਬਾਬ ਦਿਤਾ ਇਕ ਸਾਈ ਦੁਨਾਹਦੀ।। ਸਚ ਨੂੰ ਸਾਲਾਹੀ ਕੂੜ ਨੰ ਰਚੀ।।੧।। ਕਵਲ ਸੁ ਅਖਰੁ ਕਵਨ ਗੁਨ ਕਵਣ ਸੁ ਸਣੀਆ ਸੈਤੁ ਕਵਣ ਸੋ ਵੇਸੋ ਹਉ ਕਰੀ ਜਿਤ ਵਸੁ ਆਵੈ ਕੰਤ।। ਬਾਬੇ ਆਖਿਆ ਨਿਵਣ ਸੁ ਅਖਰ ਖਵਣ ਗੁਨ ਜਿਹਬਾ ਮਣੀਆ ਸੰਤ।। ਏਤੈ ਭੈਣੇ ਵੇਸ ਕਰਿ ਤਾ ਵਸਿਆਈ ਕੰਤ।। ਤਬ ਸੇਖ ਹਾਥ ਬਾਂਸ ਕਰ ਚਰਨਾ ਪਰ ਗਿਰ ਪੜਾ ਅਰ ਆਖਿ ਉਸ ਤੇ ਗਰੀਬ ਨਿਵਾਜ ਮੇਰੀ ਪਾਰ ਉਤਾਰੀਏ।। ਤੂੰ ਨਿਹਾਲ ਹੋਇਆ ਤਬ ਸੇਖ ਆਖਿਆ ਬਾਬਾ ਜੀ ਮੇਰੇ ਅਰ ਚਲੀਏ ਤਬ ਬਾਬੇ ਆਖਿਆ ਸੇਖ ਜੀਅ ਤੁਮ ਕੋ ਅਰ ਨਹੀ ਨਜਰ ਆਇਆ ਤਬ ਸੇਖ ਆਖਿਆ ਤੁਮ ਮੇਹਰ ਕਰਕੇ ਅਰ ਦਿਖਾਇ ਦਿਓ।। ਤਬ ਬਾਬੇ ਸਬਦ ਕੀਤਾ ਸਲੋਕ ਮਹਲਾ ੧ ਅਰ ਮਹਿ ਘਰ ਦਿਖਾਇ ਦਿਵ ਸੋ ਸਤਿਗੁਰ ਪੁਰਖ ਸੁਜਾਨ।। ਪੰਚ ਸਬਦ ਸੁਨਿ ਕਾਰ ਸੁਨਿ ਤਹ ਬਾਜੇ ਸਬਦ ਨੀਸਾਨੁ ਦੀਪ ਲੋਅ ਪਾਤਾਲ ਤਹਖੰਡ ਮੰਡਲ ਹੈਰਾਨ।। ਤਾਰ ਘੋਰ ਬਾਜਿੰਤ੍ਰਤਰ ਸਾਚਿ ਤਖਤਿ ਸੁਲਤਾਨ।। ਸੁਖਮਨ ਨੈ ਘਰ ਰਾਗੁ (6ਅ)

ਸੁਨਿ ਸੁਨਿ ਮੰਡਲ ਲਿਵ ਲਾਇ।। ਅਕਥ ਕਥਾ ਬੀਚਾਰੀਏ ਮਨਸਾ ਮਨਹਿ ਸਮਾਇ।। ਉਲਟਿਕਮਲ ਅਮ੍ਰਤ ਭਰਿਆ ਇਹ ਮਨ ਕਤਹੁ ਨਾ ਜਾਇ।। ਅਜਮਾ ਜਾਪ ਨਾ ਵੀਸਰੇ ਆਦਿ ਜੁਗਾਦਿ ਸਮਾਇ।। ਸਭ ਸਾਖੀਆ ਪੰਚੇ ਮਿਲੇ ਗੁਰਮੁਖ ਨਿਜਘਰ ਵਾਸ।। ਸਬਦ ਖੋਜ ਇਹ ਘਰ ਲਹੈ ਨਾਨਕੁਤਾ ਕਾ ਦਾਸ।। ਤਬ ਸੇਖ ਪੈਰਾ ਉਪਰਿ ਗਿਰ ਪੜਿਆ

Digitized by Panjab Digital Library | www.panjabdigilib.org

ਤਾ ਬਾਬੇ ਆਖਿਆ ਤੂੰ ਮੁਕਤਿ ਹੋਇਆ।। ਕਹਿ ਕਰਿਮ ਮਰਦਾਨੇ ਕੋ ਸਾਥ ਲੇਕਰ ਮੁਲਤਾਨ ਜਾਇ ਪਹੁੰਚੇ ਸੁਲਤਾਨ ਕੇ ਪੀਰਾ ਨੂੰ ਖਬਰ ਹੋਇ।। ਤਬ ਉਨਾ ਨੇ ਦੂਧ ਕਾ ਕਟੋਰਾ ਭਰ ਕੇ ਭੇਜਾ ਜੋ ਮੁਲਤਾਨ ਪੀਰੀ ਪੂਰ ਹੈ ਤਬ ਬਾਬੇ ਜੀ ਨੇ ਕਟੋਰੇ ਉਪਰਿ ਫੂਲ ਏਕ ਧਰਕੇ ਭੈਜਾ ਜੋ ਅਸੀ ਇਥੇ ਐਸੇ ਆਏ ਹਾਂ ਕਿਉ ਦੂਧ ਉਪਰਿ ਫੂਲ ਹੈ ਇਆਹੁ ਕਹ ਕੇ ਬਾਬਾ ਜੀ ਰਵਦੇ ਰਹੇ।। ਚਲੇ ਚਲੇ ਰੇਉ ਦੇ ਸੋ ਜਾਇ ਨਿਕਲੇ।। ਪਹਾਰ ਤਲੇ ਜਾਇ ਨਿਕਲੇ।। ਤਬ ਮਰਦਾਨੇ ਕੋ ਪਿਆਸ ਲਗੀ ਤਬ ਬਾਬੇ ਜੀ ਆਖਿਆ ਮਰਦਾਨਿਆ ਇਥਹ ਜਗਾ ਜਗਾ ਖੈਦ ਚਸਮਾ ਨਿਕਲੇਗਾ।। ਤਾ ਬਾਬੇ ਬ ਵਚਨ ਸਿਉ ਜਲ ਨਿਕਲਿਆ ਤਾ ਮਰਦਾਨੇ ਜਲ ਪੀਤਾ ਬਹੁਤ ਖੁਸੀ ਹੂਆ ਆਖਿ ਵੋਸੁ ਸਬਹਾਨ ਤੇਰੀ ਜ਼ਾਤ ਨੂੰ ਤਬ ਸਰਵਰ ਸੁਲਤਾਨ ਆਏ ਨਿਕਲੇ ਬਾਬਾ ਜੀ ਦੇ ਪਾਸ।। ਦਸਤਪੋਥੀ ਕਰਕੇ ਬੈਠੇ ਪਰਮੇਸਰ ਜੀ ਬਾਤਾ ਕੀਤੀ ਤਬ ਸਰਵਰ ਆਖਿਆ ਜੀ ਕ੍ਰਿਪਾ ਕਰਕੇ ਮੇਰੇ ਘਰ ਚਲੀਏ।। ਬਾਬੇ ਆਖਿਆ ਸਭ ਜਗਾ ਤੇਰੀ ਹੈ।। ਸਰਵਰ ਆਖਿਆ ਮੈ ਸਭ ਸਰਜੀਮ ਇਥੇ ਹੀ ਲੈਆ ਆਵਦਾ ਹਉ ਲੇਫ ਨਿਹਾਲੀ ਪਕਣ ਹਨ ਤਾ ਬਾਬੇ ਜੀ ਬਚਨ ਕੀਤਾ।। ਭਾਉ ਤੇਰਾ ਹੈ ਲੇਫ ਨਿਹਾਲੀ ਕਾਉ ਤੇਰਾ ਪਕਵਾਨ।। ਨਾਨਕ ਸਿਫਤੀ ਤ੍ਰਿਪਤੀਏ ਆਉ (7 ਓ)

ਸਰਵਰ ਸੁਲਤਾਨ।।2।। ਤਬ ਸਰਵਰ ਬਹੁਤ ਪ੍ਰਸੰਨ ਭਏ।। ਬਾਬਾ ਜੀ ਰਵਦੇ ਰਹੇ।। ਚਲਦੇ ਚਲਦੇ ਥਾੜ ਦੀ ਧਰਤੀ ਗਏ ਮਰਦਾਨੇ ਕੋ ਛਡਿ ਕੇ ਆਪ ਦੁਆਰਕਾ ਗਏ ਦੁਆਰਕਾ ਸੋ ਫੇਰ ਮਰਦਾਨੇ ਪਾਸ ਆਇਆ।। ਮਰਦਾਨੇ ਕੋ ਸਾਥ ਲੇਕਰ ਮਕੇ ਸਹ ਕੋ ਗਏ ਜਾਤਰਾਨੀਆ ਰਾਤ ਕੋ ਜਾਇ ਕਰ ਮਕੇ ਕੇ ਆਗੇ ਜਾਇ ਕਰ ਸੋਏ।। ਜਬ ਪਹਰ ਰਾਤ ਰਹੀ ਤਬ ਜੀਵਨ ਹਾਜੀ ਲੋਕਾ ਕੋ ਜਗਾਵਣ ਲਗਾ ਜਬ ਬਾਬਾ ਜੀ ਕੇ ਪਾਸ ਆਇਆ ਤਬ ਕਿਆ ਦੇਖੇ ਜੋ ਬਾਬਾ ਜੀ ਕੇ ਪਰੈ ਮਕੇ ਪਾਸ ਹੈ ਤਬ ਕਹਿਣੇ ਸੁਰੇ ਹਿੰਦੀ ਰਾਜੀ ਮਕੇ ਦੀ ਤਰਫ ਪਾਉ ਕਰਕੇ ਕਿਉ ਸੁਤਾ ਹੈ ਇਹ ਘਰ ਖਦਾਇ ਦਾ ਹੈ ਤਬ ਬਾਬੇ ਜੀ ਆਖਿਆ ਜਿਸ ਵਲ ਖੁਦਾਇਦਾ ਅਰ ਨਾਹੀ ਇਤ ਵਲ ਪੈਰ

Digitized by Panjab Digital Library | www.panjabdigilib.org

ਸਾਡੇ ਕਰ ਛਡਿ।। ਤਬ ਹਾਜੀ ਜੀਵਨ ਗੁਸਾ ਖਾਇ ਕਰ ਬਾਬੇ ਕੇ ਪਾਉ ਪਕੜੇ ਅਉਤ ਤਰ ਖੈਚ ਕਰ ਲੈ ਚਲਾ।। ਤਬ ਮੇਹਰਾਬ ਮਕੇ ਕਾ ਚਰਨੋ ਕੇ ਸਾਥ ਫਿਰਿਆ ਤਬ ਹੈਰਾਨ ਹੋਇ ਗਇਆ।। ਆਖਿ ਉਸੈ ਕੋਈ ਕਿਆਮਤ ਕਾ ਦਉੜਾ ਆਇਆ ਕੋਇ ਐਸਾ ਜਾਦੂਗਰ ਆਇਆ ਹੈ ਜੋ ਮਕੇ ਦਾ ਦਰਵਾਜਾ ਫੇਰਿਆ ਹੈ।। ਜਾਦੂਗਰ ਕੈ ਤਬ ਅਉਰ ਮੁਸਲਮਾਨ ਸਾਥ ਲੈਕਰ ਆਇਆ ਕਿਆ ਦੇਖੈ ਜੋ ਫੇਰ ਉਸੀ ਤਰਫ਼ ਅਉ ਕੀਏ ਸੋਏ ਹੈ।। ਤਬ ਆਖਿਉਸ ਏ ਭਾਈ ਹਿੰਦੀ ਗਾਜੀ ਪਾਉ ਆਪਣੇ ਸੀਧੇ ਕਰਕੇ ਸੋਉ।। ਤਬ ਬਾਬੇ ਜੀ ਆਖਿਆ ਦੇਖੋ ਪਾਉ ਕਹ ਹੈ ਤਬ ਗਾਜੀ ਜੀਵਨ ਪਾਉ ਕੀ ਤਰਫ ਹਾਥ ਲਗਾਇ ਕਾ ਦੇਖੈ ਪਾਉ ਨਹੀ ਸਿਰ ਹੈ ਤਬ ਸਿਰ ਕੀ ਤਰਫ਼ ਗਇਆ ਤਬ ਉਪਰਿ ਭੀ ਸਿਰ ਹੈ। ਤਬ ਹੈਰਾਨ ਹੋਇਆ ਤਬ ਜਾਇ ਕਰ ਬਹੁਤ ਮੁਲਾਣੇ ਇਕੱਠੇ ਕਰਕੇ ਲੈ ਆਏ ਕਹਿਣੇ ਬਡਾ ਕੋਈ ਜਾਦੂਗਰ ਆਇਆ ਹੈ।। ਤਿਸਕੋ ਨਾਸੀਹਤ ਕੀਆ ਚਾਹੀਏ।। ਤਬ ਬਹੁਤ ਰੁਹਾੜਾ ਹੂਆ ਕਿਤਾਬ ਕੁਰਾਨ (7 ਅ)

ਕਾ ਸੰਬਾਦ ਹੂਆ।। ਬਾਬਾ ਜੀ ਕੇ ਆਗੇ ਕੋਈ ਬਾਤ ਚਲੈ ਨਾਹੀ ਤਬ ਸਭ ਗੁਸਾ ਖਾਇ ਕਰ ਪਥਰ ਲੈਕਰ ਮਾਰਨੇ ਕੋ ਆਏ ਤਬ ਬਾਬਾ ਨਿਗਾਹ ਉਨਕੀ ਤਰਫ ਕੀਆ ਸਭ ਕੇ ਸਾਥ ਬਸੇ ਭਏ ਤਬ ਸਭ ਚਰਨਾ ਪਰ ਗਿੜੇ।। ਕਹਾ ਹਮਾਰੀ ਭੁਲ ਮੁਆਫ ਕਰੀਏ।। ਤੂ ਵਲੀ ਹੈ ਕੁਛ ਨਿਸਾਨੀ ਏਹਾ ਰਖ ਜਾਈਏ ਤਬ ਬਾਬੇ ਜੀ ਏਕ ਪਾਉ ਕੀ ਕਉਸ ਉਤਾਰ ਕੇ ਉਹਾ ਰਖੀ ਤਬ ਉਹਾ ਸੇ ਚਲੇ।। ਚਲੇ ਚਲੇ ਫੇਰ ਪੰਜਾਬ ਦੇ ਦੇਸ ਆਇ ਨਿਕਲੇ ਤਬ ਸੁਲਤਾਨਪੁਰ ਵਿਚ ਕੋ ਹੋਕਰ ਖਡੂਰ ਸੋ ਆਇ ਨਿਕਟੇ।। ਉਹ ਮਾਈ ਬਿਰਾਈ ਦੇ ਘਰ ਆਏ।। ਮਾਈ ਬਿਰਾਈ ਬਾਬੇ ਜੀ ਦੀ ਬਹੁ ਭਗਤ ਸੀ ਆਠ ਪਹਰ ਬਾਬੇ ਜੀ ਕੀ ਉਪਾਸਨਾ ਕਰਤੀ ਥੀ ਜਿਸ ਵਖਤ ਬਾਬੇ ਜੀ ਕੋ ਦੇਖਿਆ ਚਰਣਾ ਪਰ ਗਿੜ ਪਰੀ।। ਚਰਨ ਧੋਇ ਕਰ ਚਰਨਾਮਿਤ ਲੀਆ ਬਾਬਾ ਜੀ ਨੇ ਮੰਜੀ ਪਰ ਬੈਠਾਲ ਕਰ ਪਰਦਖਨਾ ਕਰਿ ਕੈ ਅਰਦਾਸ ਕੀਤੀ ਮੇਹਰਵਾਨ ਪ੍ਰਸਾਦਿ ਕੀ ਆਗਿਆ ਹੋਇ।। ਤਬ ਬਾਬਾ ਜੀ ਆਖਿਆ ਬਿਰਾਈ ਅਸਾ ਬਾਹਰ ਬਰਸ ਹੋਏ ਹੈ ਅੰਨ

Digitized by Panjab Digital Library | www.panjabdigilib.org

ਜਲ ਨਹੀ ਲੀਆ ਅਬ ਤੈ ਬਚਨ ਕੀਤਾ ਹੈ ਤੋ ਚਾਹਿਗੇ।। ਤਬ ਪੂਛਿਆ ਤੇਰੇ ਘਰ ਮੈ ਹੈ ਸੋ ਤੁਲੈ ਆਉ ਤਬ ਮਾਈ ਭਿਰਾਈ ਕਿਸੀ ਕਾ ਕੁਛ ਲੇਤੀ ਨਾ ਥੀ।। ਆਪਣੀ ਮਜੂਰੀ ਕਰ ਖਾਤੀ ਥੀ।। ਮਜੂਰੀ ਕੇ ਜਲ ਅੰਦਰ ਰੱਖੈ ਸੇ ਸੋ ਥਾਲੀ ਮੋ ਕਢਕੇ ਆਗੇ ਰਖਿਆ ਤਬ ਸਾਹਿਬ ਨੇ ਏਕ ਜਲ ਖਾਇ ਕਰ ਖੁਸੀ ਕੀਤੀ।। ਬਾਹਰ ਬਰਸਦਾ ਬਰਤ ਉਪਾਰੁਨ ਹੂਆ ਕੋਈ ਕਾਲ ਮਾਈ ਭਿਰਾਈ ਕੇ ਰਹੇ ਫਿਰ ਬਾਬਾ ਜੀ ਉਦਾਸ ਕਰ ਉਠ ਚਲੇ।। ਤਬ ਲਾਲੋ ਕੋ ਘਰ ਗਏ ਕੋਈ ਦਿਨ ਸਭ ਮੁਲਕ ਮੇ ਖਬਰ ਹੋਈ ਜੋ ਬਾਬਾ ਨਾਨਕ ਜੀ ਆਏ ਹਨ ਏਕ ਖਤ੍ਰੀ ਨੇ ਜਗ ਕੀਆ ਲਾਖ ਗਊ ਦਾਨ ਕੇ ਵਾਸਤੇ ਮੰਗਾਈ ਥੀ।। (੪੭)

ਅਰ ਲਾਖ ਬ੍ਰਹਮਣ ਕਾ ਨੇਵਤਾ ਕੀਆ ਥਾ।। ਉਸ ਬਸਤੀ ਕਾ ਨਾਮ ਆਗੇ ਸੈਦਪੁਰ (ਸਰੋਹਾ ਥਾ)।। ਕੋਈ ਗੁਨਾਹ ਪਠਾਨੋ ਸੋ ਹੂਆ ਥਾ ਤਬ ਬਾਬੇ ਜੀ ਸਰਾਪ ਦੀਆ ਥਾ ਬਾਬਰ ਪਾਤਸ਼ਾਹ ਨੇ ਉਸ ਬਸਤੀ ਨੋ ਕਲ ਆਪ ਕੀਆ ਥਾ ਫੇਰ ਬਾਬੇ ਜੀ ਨੇ ਬਚਨ ਕਰਕੇ ਉਸ ਦਾ ਨਾਮ ਇਮਨਾਬਾਦ ਰਖਾ ਥਾ।। ਨਾਉ ਰੱਖ ਕਰ ਬਸਾਈ ਗਈ ਥੀ।। ਤਰਾਹੀ ਕਰੋੜੀਏ ਖਤ੍ਰੀ ਨੇ ਜਗ ਕਿਆ।। ਬਾਬਾ ਜੀ ਕੋ ਸੁਨਕਰ ਲਾਲੋ ਬਢ ਦੀਏ ਕੇ ਘਰ ਸੈ ਆਦਮੀ ਭੇਜਾ।। ਜੋ ਨਾਨਕ ਜੀ ਹਮਾਰੇ ਅਰ ਭੋਜਨ ਕਰਨਾ ਹੋਗਾ।। ਤਾ ਬਾਬਾ ਨਾ ਮੰਨਿਆ ਤਬ ਜਿਸ ਵਖਤ ਬ੍ਰਹਮਣ ਭੋਜਨ ਪਰ ਬੈਠੇ ਤਬ ਵਹੁ ਕੜੋਈਆ ਬਾਬੇ ਜੀ ਕੇ ਪਾਸ ਆਇਆ ਬਹੁਤ ਮਿਨਤ ਕਰਕੇ ਬਾਬੇ ਜੀ ਕੋ ਘਰ ਲੇ ਗਇਆ ਭੋਜਨ ਪਰੋਸ ਕੇ ਆਗੇ ਲੈ ਰਖਿਆ ਤਬ ਕਰਨ ਲਗਾ ਤੁਸੀ ਐਸੇ ਸਾਧ ਹੋ ਕਰ ਬਢਈ ਕੇ ਘਰ ਕਾ ਭੋਜਨ ਖਾਹੋ ਖਤ੍ਰੀ ਬ੍ਰਹਮਨ ਕਾ ਨਾ ਖਾਹੋ ਇਅਹ ਕਉਣ ਸਬਬ ਕਰੀਏ।। ਤਬ ਬਾਬੇ ਜੀ ਆਖਿਆ ਲਾਲੋ ਕੇ ਘਰ ਸੋ ਹਮਾਰੀ ਸਾਗ ਕੀ ਪਿਨੀ ਧਰੀ ਹੈ ਲੋਆਵੋ।। ਤੁਰ ਸਾਗ ਕੀ ਪਿੰਨੀ ਆਈ।। ਏਕ ਹਾਥ ਮੇ ਸਾਗ ਲੀਆ ਏਕ ਹਾਥ ਮੈਂ ਕਰੋੜੀਏ ਕੀ ਪੂਰੀ ਲੀਆ ਦੋਨੋ ਹਾਥ ਸੋ ਦੋਨੋ ਦਬਾਏ।। ਕਰੋੜੀਏ ਕੇ ਭੋਜਨ ਮੇ ਸੋ ਰਕਤ ਨਿਕਲਾ ਅਰ ਲਾਲ ਕੇ ਸਾਗ

Digitized by Panjab Digital Library | www.panjabdigilib.org

ਮੇ ਸੋ ਦੂਧ ਨਿਕਲਿਆ।। ਤਬ ਬਾਬਾ ਜੀ ਬੋਲਿਆ।। ਸਲੋਕ ਮਹਲਾ 2।। ਜੋ ਮੋਹਾ ਕਾ ਘਰ ਮੋਹੇ ਘਰ ਪਿਤਰੀ ਦੇਇ।। ਅਗੇ ਵਸਤ ਸਿਵਾਈਐ ਪਿਤਰੀ ਚੋਰ ਕਰੇਇ।। ਵਢੀ ਅਹਿ ਹਥ ਦਲਾਲ ਕੇ ਖੁਨਸਢੀ ਏਹ ਕਰੇਇ ਨਾਨਕ ਅਗੇ ਜੋ ਮਿਲੈ ਜਿ ਖਦੁਆਲੇ ਦੇਇ।। ਤਾ ਬਾਬਾ ਜੀ ਆਖਿਆ ਏ ਭਾਈ ਕਰੋੜੀਆ ਅਖੀਆ ਮੀਟ ਅਰ ਤਮਾਸਾ (8ਅ)

ਦੇਖ ਕਿਆ ਦੇਖੈ ਜੋ ਮੇਰੇ ਪਿਤਾ ਕੋ ਜਿਨ ਕੇ ਪੂਤ ਕੀ ਗਉਅ ਲਇਆ (ਹਉ) ਵੈ ਛੇਤਰਾ ਕੀ ਮਾਰ ਦੇ ਹੈ ਤਬ ਬਹੁਤ ਬਿਸਮਾਦ ਹੋਇ ਗਇਆ।। ਅਰਚਰਨਾ ਪਰ ਗਿਅੜਿਆ।। ਆਖਿਆ ਜੋ ਹੇ ਮਹਾਰਾਜ ਤੁਮਾਰੇ ਦਰਸਨ ਕਾ ਫਲ ਸੁਣ ਕੋ ਲਗਾ ਲੋੜੀਏ।। ਤੁਮ ਪਤਿਤ ਉਧਾਰ ਹੋ ਮੇਰਾ ਜਗਪੂਰਨ ਕਰੀਏ।। ਤਬ ਬਾਬਾ ਜੀ ਦਇਆ ਪਰ ਆਏ ਕਹਾ ਨਿ ਜਿਨ ਜਿਨਕਾ ਮਾਲ ਲੀਆ ਹੈ ਸਬ ਕਾ ਦਾਸ ਦੇਉ ਉਨ ਕੀ ਪ੍ਰਸੀਨਤਾ ਕਰਕੇ ਬ੍ਰਹਮਲ ਕੋ ਦਾਨ ਦੇਉ ਤਬ ਐਸਾ ਹੀ ਕਰੋੜੀਏ ਨੇ ਕੀਆ ਤਬ ਬਾਬਾ ਜੀ ਉਗਸੋ ਚਲੇ।। ਕਰੋੜੀਏ ਕਾ ਜਗ ਪੂਰਾ ਕਰਕੇ ਤਬ ਚਲੇ ਚਲੇ ਰਾਣੀ ਨਦੀ ਕੇ ਕਿਨਾਰੇ ਪਰ ਆਇਕੇ।। ਸਭ ਲੋਕੈ ਪਰ ਜਾਹਰ ਹੂਆ।। ਜੋ ਬਾਬਾ ਨਾਨਕ ਦੁਨੀਆ ਕੇ ਲੋਕੋ ਕੈ ਬਦਸਹ ਕਰਦਾ ਹੈ ਮੈ ਇਸਕੋ ਰਹਨੇ ਨਾ ਦੇਉਗਾ।। ਘੋੜੇ ਪਰਚੜ ਕਰ ਬਾਬੇ ਜੀ ਕੇ ਪਾਸ ਆਵਣ ਲਗਾ।। ਗਹਿ ਵਿਚ ਆਇਆ ਘੋੜਾ ਉਲਟਿ ਪੜਾ ਕਰੋੜੀਆ ਗਿਰ ਪੜਾ।। ਅਰ ਘੋੜ ਗਿਰ ਪਿੜਆ।। ਪਰ ਗਇਆ ਲੋਕਾ ਨੇ ਫੇਰਿਆ ਜੋ ਬਡਾ ਗੁਨਾਹ ਹੂਆ ਹੈ ਕਲ ਚਲ ਕਰ ਗੁਨਾਹ ਬਖਸਾਈ ਗੇ ਤਬ ਅਗਲੇ ਰੋਜ ਫਿਰ ਚਲਾ ਹੰਕਾਰ ਸੋ।। ਤਬ ਰਾਹ ਸੋ ਖੀਧਾ ਹੋਇ ਗਇਆ।। ਤਬ ਲੋਕਾ ਨੇ ਸਮਝਾਇਆ ਜੋ ਬਾਬਾ ਨਾਨਕ ਜੀ ਮਹਾਪੁਰਖ ਹੈ ਹਾਥ ਜੋੜ ਕੇ ਉਨ ਕੇ ਚਰਨ ਪਰ ਚਲ ਕੇ ਗਿਰੋ ਜੋ ਗੁਨਾਹ ਬਖਸਿਆਏ ਤਬ ਕਰੋੜੀਆ ਪਿਸੇ ਪਹਨ ਹੋ ਕਰ ਕਦਮਾ ਪਰ ਗਿੜਿਆ ਗੁਨਾਹ ਬਖਸਾਇਆ ਤਬ ਅਖੋ ਸੇ ਪੁੜਿਆ ਬਾਬੇ ਜੀ ਕਾ ਦਰਸਨ ਕੀਆ ਤਬ ਆਖਿ ਵੋਸੁ ਮੇਰਾ ਕੁਛ ਕਬੂਲ ਹੋਵੈ ਤਬ ਬਾਬਾ ਜੀ ਨੇ ਕੁਛ

Digitized by Panjab Digital Library | www.panjabdigilib.org

ਕਬੂਲ ਨਾਹੀ ਕੀਤਾ ਤਬ ਬਹੁਤ ਿਮੰਨਤ ਕਰਕੇ ਿਬਰਾਹੋ ਕਾ ਚਕ ਨਾਨਕ
ਸਾਧ ਕੇ ਭੇਟ ਕੀਤਾ ਬਾਬੇ ਜੀ ਖੁਸੀ ਕੀਤਾ।। ਚਕ ਸਾਧ ਕੇ (੭ ੳ)

ਉਥੇ ਧਰਮਸਾਲਾ ਬਾਂਧੀ ਅਰ ਖੇਤੀ ਕਾ ਆਰੰਭ ਹੂਆ ਅਰ ਤਿਲਵੰਡੀ ਘਰ ਕੋ ਖਬਰ
ਭੇਜੀ ਤਹਾ ਸੇ ਬਲਵੰਡ ਢਾਢੀ ਆਇਆ।। ਮਰਦਾਨੇ ਕੀ ਜਗਾ ਕੀਰਤਨ ਲਗਾ
ਕਰਨ ਅਰ ਮਰਦਾਨਾ ਦੇ ਸੰਤਹ ਸੇ ਮੇ ਹੁਕਮ ਸਤਿ ਹੋਇਆ।। ਕਿਤਕੇ ਕੁ ਦਿਨ
ਬਾਬਾ ਜੀ ਕਰਤਾਰਪੁਰ ਮੋ ਰਹੇ ਤਬ ਤਿਲਵੰਡੀ ਮੇ ਮਾਤਾ ਜੀ ਕੋ ਸਦ ਬੁਲਾਇਆ
ਬਾਬਾ ਕਾਲੂ ਜੀ ਭੀ ਹੁਕਮ ਸਤਿ ਹੂਏ ਕੇ ਮਾਤਾ ਜੀ ਬਾਬਾ ਜੀ ਨੇ ਕਬੀਲੇ
ਕੋ ਨਾਲ ਲੇਕਰ ਕਰਤਾਰਪੁਰ ਵਿਚ ਆਇ ਬਸੇ ਭੂਖੇ ਪਿਆਸੇ ਕੀ ਟਹਲ ਹੋਣ ਲਗੀ
ਸਭ ਜਗਤ ਬਾਬੇ ਜੀ ਕੇ ਦਰਸ਼ਨ ਕੋ ਆਵੈ ਨਿਹਾਲ ਹੋਇ ਜਾਇ।। ਤੀਨ ਲੋਕ ਨੇ
ਬਾਬੇ ਜੀ ਕੀ ਮਹਮਾ ਪਸਾਰਾ ਹੂਆ ਤਬ ਲਖੀ ਜੰਗਲ ਮੋ (ਦੁਰਗਾ ਕਹ ਸੰਗ
ਆਇਆ ਤਿਸ ਕੇ ਸਾਥ ਗੁਰੂ ਅੰਗਦ ਜੀ ਤਦ ਲਹਨਾ ਥਾ।। ਮਤੇ ਕੀ ਸਰਾਇ ਸੋ
ਜਾਤ੍ਰਾ ਕਰਕੇ ਫਿਰੇ ਤਬ ਰਾਹ ਮੇਂ ਬਾਬਾ ਜੀ ਕੀ ਮਹਮਾ ਸੁਣੀ ਸੁਰਤ ਦਰਸਨ
ਕੋ ਲਗੀ।। ਜਬ ਕਰਤਾਰਪੁਰ ਕੇ ਨੇੜੇ ਆਏ ਤਬ ਸੰਗ ਕੋ ਛਡਿ ਕੈ ਨਿਅਹਰੇ ਹੋਕਰ
ਦਰਸਨ ਕੋ ਆਏ ਤਬ ਬਾਬਾ ਜੀ ਅੰਤਰਜਾਮੀ ਅਰ ਸੋ ਬੈਠੇ ਬਚਨ ਕੀਆ ਜੋ ਚਲਾ
ਸੋ ਮੇਰੇ ਕਾਜਕਾ ਧਨੀ ਆਇਆ ਹੈ ਲੈ ਆਤਾ।। ਏਹ ਕਹ ਕੇ ਉਠ ਚਲੇ ਰਸਤੇ
ਸੋ ਅਹਨ ਕੇ ਖੜੇ ਹੋਏ।। ਆਗੇ ਸੇ ਗੁਰੂ ਅੰਗਦ ਜੀ ਆ ਨਿਕਲੇ।। ਬਾਬਾ ਜੀ ਨੇ
ਪੁਛਾ ਹੇ ਸਾਧ ਨਾਨਕ ਤੁਮੇ ਕੇ ਦਰਸਨ ਕੋ ਜਾਨਾ ਹੈ ਕਿਹੜੇ ਰਾਹ ਜਾਈਏ।।
ਤਬ ਬਾਬੇ ਜੀ ਆਖਿਆ ਪੁਰਖਾ ਮੇਰੇ ਪਿਛੇ ਘੋੜੀ ਲਈ ਆਉ ਮੈ ਤੈਨੂੰ ਬਾਬੇ ਕੇ ਘਰ
ਚਲਦਾ ਹਾ ਤਬ ਚਲੇ ਧਰਮ ਸਾਲਾ ਕੇ ਦੁਆਰਪੁਰ ਜਬ ਗਏ ਤਬ ਬਾਬੇ ਜੀ ਆਖਿਆ
ਪੁਰਖ ਘੋੜੀ ਨੂੰ ਖੂਟੇ ਨਾਲ ਬੰਨ ਕਰ ਆਧ ਅੰਦਰ ਆਉ ਤਬ ਗੁਰੂ ਅੰਗਦ ਜੀ ਅੰਦਰ
ਗਏ (੭ਅ)

ਬਾਬੇ ਜੀ ਕੇ ਚਰਨਾ ਪਰ ਮਥਾ ਟੇਕਿਆ ਸੁ ਬਾਬਾ ਜੀ ਖੁਸੀ ਕੀਤੀ ਤਬ ਗੁਰੂ
ਅੰਗਦ ਜੀ ਮਨ ਮੈ ਬੀਚਾਰ ਕੀਤਾ।। ਜੋ ਹਮ ਸੋ ਬਡੇ ਬੇ ਅਦਲੀ ਹੋਏ ਹੈ

Digitized by Panjab Digital Library | www.panjabdigilib.org

ਜੋ ਅਸੀ ਘੋੜੇ ਪਰ ਚੜ ਕੇ ਆਏ ਹਾਂ ਅਬ ਆਪਣੇ ਅਲੋਕ ਚਲੀਏ ਉਥ ਫਿਰ ਸੇਵਕ ਭਾਓ ਹੋ ਕਰ ਆਵੈਗੇ।। ਤਬ ਰਾਤ ਰਹੇ ਰਹਿ ਕਰ ਵਿਦਿਆ ਹੋ ਕਰ ਅਲੋਕ ਚਲੈ।। ਘਰ ਜਾਇ ਪਹੁੰਚੇ ਘਰ ਕਾ ਕਾਰਜ ਬਰਸਬ ਬਿਲਾ ਬੰਦ ਕੀਆ ਚਿਤ ਇਕਾਗਰ ਕਰਕੇ ਚਟਾਈ ਅਰ ਪੋਟ ਸਾਬਲੀਆ ਬਾਬੇ ਜੀ ਕੇ ਦਰਸਨ ਕੋ ਚਲੈ।। ਤਾ ਟਹਲੀਏ ਆਖਿਆ ਜੀ ਮੇਰੇ ਸਿਰ ਦੇਹ ਤਬ ਗੁਰੂ ਅੰਗਦ ਜੀ ਆਖਿਆ ਹੇ ਭਾਈ ਕਿਸੀ ਕੋ ਜੰਗਲ ਮੋ ਖਜਾਨਾ ਮਿਲੇ ਤਬ ਦੂਸਰੇ ਕੋ ਕੋਈ ਸਰੀਕ ਨਾਹੀ ਕਰਦਾ ਤੂਸੀ ਈਥੋ ਰਹੋ ਅਸਾਡਾ ਹੀ ਕੀਮ ਹੈ ਜਾਣਾ।। ਇਅਹ ਕਹ ਕੇ ਚਲੇ।। ਕਰਤਾਰਪੁਰ ਮੋ ਆਇ ਪਹੁੰਚੇ ਤਬ ਧਰਮਸਾਲਾ ਮੋ ਗਏ ਮਾਤਾ ਜੀ ਕੋ ਮਥਾ ਟੇਕਿਆ।। ਚਟਾਈ ਲੋਣ ਰੱਖਿਆ ਅਰ ਪੁਛਿਆ ਜੋ ਬਾਬਾ ਜੀ ਕਿਥੇ ਗਏ ਹੈ ਤਬ ਮਾਤਾ ਜੀ ਆਖਿਆ ਬਾਬਾ ਜੀ ਖੇਤ ਕੇ ਬੰਨੇ ਬੈਠੇ ਹੈ ਜਬ ਉਹਾ ਗਏ ਬਾਬਾ ਜੀ ਕੇ ਚਰਨਾਪੁਰ ਮਥਾ ਟੇਕਿਆ ਤਾ ਬਾਬਾ ਜੀ ਬਹੁਤ ਖੁਸੀ ਭਏ।। ਤਬ ਗੁਰੂ ਅੰਗਦ ਜੀ ਹਥ ਜੋੜ ਕਰ ਅਰਦਾਸ ਕੀਤੀ ਸਚੇ ਪਾਤਸਾਹ ਮੈਨੂੰ ਭੀ ਟਹਲ ਬਖਸੀਐ ਤਬ ਆਗਿਆ ਹੋਈ।। ਜੋ ਟਹਲ ਸਭ ਕਰਦੈ ਹੋ ਸੋ ਤੂਸੀ ਭੀ ਕਰੋ ਤਬ ਗੁਰੂ ਅੰਗਦ ਜੀ ਖੇਤ ਕੇ ਵਿਚ ਸੁਆਸ ਲਗੇ ਕਢਨ।। ਆਸ ਦੀ ਗਠੜੀ ਬਾਧਕ ਅਗਲੇ ਚਲੈ।। ਤਬ ਗੁਰੂ ਅੰਗਦ ਜੀ ਗਠੜੀ ਬੰਧ ਕਰ ਸਾਹਿਬ ਕੇ ਸਾਥ ਚਲੇ ਜਬ ਘਰ ਗਏ ਅਸ ਜਾਇ ਕਰ ਰਖਿਆ ਤਬ ਮਾਤਾ ਜੀ ਦੇਖਿਆ ਜੋ ਗੁਰੂ ਅੰਗਦ ਜੀ ਕੇ ਕਪੜੇ ਪਰ ਚਹਲੇ ਕੇ ਦਾਗ ਪਏ ਹੈ ਤਬ ਮਾਤਾ (108)

ਜੀ ਆਖਿਆ ਬਚਾ ਤੂੰ ਮਹਾ ਪੁਰਖ ਹੈ ਜੋ ਕੋਈ ਤੇਰੇ ਦਰਸਨ ਕੋ ਆਵਦਾ ਹੈ ਭਲਾ ਮਨੁਖ ਤਿਸਦਾ ਤੂੰ ਏਹੋ ਹਾਲ ਕਰਦਾ ਹੈ ਤਬ ਬਾਬੇ ਜੀ ਆਖਿਆ ਮਾਤਾ ਜੀ ਇਨਕੇ ਸਿਰਪਰ ਗਠਰੀ ਆਸ ਕੀ ਨਹੀ ਦਿੱਤੀ ਸੁ ਇਅਹ ਦੀਨ ਦੁਨੀਆ ਕਾ ਛਡ ਦੀਆ ਹੈ ਅਰ ਕਪੜੇ ਉਪਰਿ ਚਿਹਲਾ ਨਹੀ ਕੇਸਰ ਪੜਿਆ ਹੈ ਮਾਤਾ ਜੀ ਏ ਬੜੇ ਭਾਗਵਾਨ ਪੁਰਖ ਹੈ ਮੇਰੇ ਰਾਜ ਜੋਗ ਦਾ ਧਨੀ ਹੈ ਤਬ ਮਾਤਾ ਜੀ ਬਹੁਤ ਪ੍ਰਸੰਨ ਹੋਈ

Digitized by Panjab Digital Library | www.panjabdigilib.org

ਤਬ ਸ੍ਰੀ ਗੁਰੂ ਅੰਗਦ ਜੀ ਰਾਤ ਦਿਨ ਬਾਬੇ ਜੀ ਕੀ ਸੇਵਾ ਵਿਖੇ ਰਹੇ ਇਕ ਪਲ ਭੀ ਜੁਦਾ ਨਾ ਹੋਵੈ ਅਰ ਬਾਬੇ ਜੀ ਕੇ ਭੀ ਗੁਰੂਆ ਜੀ ਕੇ ਬਰਾਬਰ ਹੋਈ ਪਿਆਰਾ ਨਾ ਲਗੇ ਤਬ ਮਾਤਾ ਜੀ ਦੇਖਿਆ ਜੋ ਬਾਬੇ ਜੀ ਕੀ ਪ੍ਰੀਤ ਗੁਰੂ ਅੰਗਦ ਜੀ ਕੀ ਤਰਫ ਬਹੁਤ ਹੈ ਐਸਾ ਹੋਰ ਕੋਈ ਪਿਆਰਾ ਨਹੀ ਤਬ ਮਾਤਾ ਜੀ ਗੁਰੂ ਅੰਗਦ ਜੀ ਨੂੰ ਆਖਿਆ ਬਚਾ ਤੂੰ ਬਾਬੇ ਜੀ ਨੂੰ ਆਖਹੁ ਤੇ ਮੇਰਾ ਮਨੋਰਥ ਪੂਰਾ ਹੋਵੈ ਤੇਰਾ ਆਖਿਆ ਬਾਬਾ ਜੀ ਮੰਨ ਲੈਨਗੇ ਕੋਈ ਐਸਾ ਜਤਨ ਕਰੇ ਜੋ ਬਾਬਾ ਜੀ ਕੇ ਪੁਤ੍ਰ ਹੋਵੈ ਮੈ ਅਪਨੀ ਆਖਾ ਸੇ ਪੋਤੇ ਦੇਖਾ ਅਰ ਖੇਲਾਣਾ।। ਤੂੰ ਆਖੇਗਾ ਤਾ ਤੇਰਾ ਆਖਿਆ ਮਨ ਲੈਣਗੇ।। ਤਬ ਗੁਰੂ ਅੰਗਦ ਜੀ ਨੇ ਬਾਬੇ ਜੀ ਦੇ ਆਗੇ ਹਥ ਜੋੜ ਕੇ ਅਰਦਾਸ ਕੀਤੀ ਸਚੇ ਪਾਤਸਾਹ ਬਡੇ ਮਾਤਾ ਜੀ ਕੀ ਇੱਛਾ ਹੈ ਜੋ ਸਾਹਿਬ ਕੇ ਘਰ ਸੈਤਾਨ ਹੋਵੈ ਮੈ ਗੋਦੀ ਲੈ ਕੇ ਖੇਲਾਵਾ।। ਇਸ ਬਚਨ ਕੋ ਪੂਰਨ ਕਰੀਏ।। ਤਬ ਬਾਬੇ ਜੀ ਆਖਿਆ ਪੁਰਖ ਇਹ ਕਾਰਜ ਕੁਛ ਐਸੀ ਲੋੜ ਕੀ ਨਹੀ ਪਰ ਤੇਰਾ ਬਚਨ ਫੇਰਿਆ ਨਹੀ ਜਾਂਦਾ ਤਬ ਦੋਇ ਲੋਕਾ ਲੋਗ ਬਾਬਾ ਜੀ ਨੇ ਦੀਏ ਕਹਾ ਕੀ ਇਨਸੇ ਦੋਇ ਲੜਕੇ ਹੋਇ ਗੇ ਤਬ ਗੁਰੂ ਅੰਗਦ ਜੀ ਨੇ ਦੋਨੋ ਲੋਉਰਾ ਮਾਤਾ ਜੀ ਕੇ ਹਾਥ ਕਰਕੇ ਬਾਬਾ ਜੀ ਕੇ ਕਬੀਲੇ ਕੋ ਦਿਵਾਏ ਦੂਇ ਬੇਰ ਕਰਕੇ ਪਹਿਲੇ ਸਾਹਿਬ (10ਅ)

ਲਖਮੀਦਾਸ ਜੀ ਜਨਮ ਧਾਰਾ।। ਦੂਸਰੀ ਬਾਰੀ ਬਾਬਾ ਸ੍ਰੀ ਚੰਦ ਜੀ ਜਨਮ ਧਾਰਾ।। ਤਬ ਬਾਬੇ ਜੀ ਕੀ ਮਾਤਾ ਬਹੁਤ ਪ੍ਰਸੰਨ ਭਈ ਘਰ ਮੈ ਅਨੰਦ ਹੋਏ।। ਬੋਲੋ ਵਾਹਿਗੁਰੂ।। ਆਗੇ ਹੋਰ ਸਾਖੀ ਚਲੀ।। ਪਹਰ ਰਾਤ ਕੋ ਬਾਬਾ ਜੀ ਨਿਤ ਪ੍ਰਤਿ ਨਦੀ ਕੋ ਜਾਤੇ ਪੈ ਬੁਢਾ ਅਰ ਸਹਾਰਨ ਅਰਬਾਲਾ ਅਰ ਗੁਰੂ ਅੰਗਦ ਜੀ ਭੀ ਨਾਲ ਜਾਂਦੇ ਸੇ ਇਕ ਦਿਨ ਇਸਨਾਨ ਕੋ ਗਏ ਜਬ ਨਦੀ ਕੇ ਕੰਡੇ ਪਰ ਬਾਬਾ ਜੀ ਗਏ ਇਸਨਾਨ ਕਰਤੇ ਹੀ ਲਿਵ ਲੀਨ ਹੋਇ ਗਏ।। ਅਰ ਉਧਰ ਸੋ ਬਡੀ ਬਰਖਹ ਆਈ।। ਪਥਰ ਗੋਲਾ ਬਰਖਨ ਲਗਾ।। ਸਭ ਕੋਈ ਜੋ ਥੇ ਬਾਬਾ ਜੀ ਕੋ ਛੱਡ ਕੇ ਦਰਖਤਾ ਕਾ

Digitized by Panjab Digital Library | www.panjabdigilib.org

ਆਸਰਾ ਜਾਇ ਲੀਏ।। ਸ੍ਰੀ ਗੁਰੂ ਅੰਗਦ ਜੀ ਉਥੇ ਬੈਠੇ ਰਹੇ ਬੈਠੇ ਬੈਠੇ ਪਥਰ ਗੋਲੇ ਮੋ ਗਡ ਗਏ ਤਬ ਬਾਬਾ ਜੀ ਜਲ ਕੇ ਬਾਹਰ ਨਿਕਸੇ ਕਿਆ ਦੇਖੇ ਜੋ ਹੋਰ ਕੋਈ ਨਹੀ ਗੁਰੂ ਅੰਗਦ ਜੀ ਬੈਠੇ ਹੈ।। ਅਰ ਬਡਾ ਕਸਟ ਸਹਾ ਹੈ ਤਬ ਬਾਬੇ ਜੀ ਆਖਿਆ।।ਪੁਰਖਾ ਜੀ ਤੁਸੀ ਇਥੇ ਕਿਉ ਬੈਠੇ ਕਿਸੀ ਬਿਰਛ ਕੇ ਆਸਰੇ ਜਾਇ ਬੈਠਤੇ ਤਬ ਗੁਰੂ ਅੰਗਦ ਜੀ ਆਖਿਆ ਸਚੇ ਪਾਤਸ਼ਾਹ ਸਾਨੂੰ/ਜਗਤ ਮੇ ਕਿਸੀ ਨਾਲ ਅਰਥ ਨਹੀ ਰਹਾ ਜਿਸ ਚਰਨੋ ਸੈ ਪਰੋਜਨ ਹੈ ਤਿਸੀ ਕੇ ਆਗੈ ਬੈਠੈ ਹੈ।। ਤਬ ਬਾਬੇ ਜੀ ਆਖਿਆ।। ਪੁਰਖਾ ਅਸੀ ਜੋਤਪ ਕਰਦੇ ਹਾ ਸੋ ਤੁਸਾਡੇ ਹੀ ਵਾਸਤੇ ਕਰਦੇ ਹਾ ਤੁਸਾ ਕਸਟ ਨਹੀ ਕਰਨਾ ਤਬ ਬਾਬਾ ਜੀ ਬਸਤ੍ਰ ਪਹਿਰ ਕਰ ਘਰੋਕ ਆਇ ਏਕ ਸਮੈਂ ਬਾਬਾ ਜੀ ਬਕਾਇਨੋ ਦੀ ਵਗੀ ਤਲੈ ਖਾਟ ਪਰ ਬਿਰਾਜੇ ਥੇ ਅਰ ਗਰਮੀ ਕੀ ਰੁਤ ਥੀ।। ਸਭ ਲੋਕ ਅਰ ਸਾਹਿਬਜਾਦੇ ਪਾਸ ਥੇ ਬਾਬਾ ਜੀ ਨੇ ਆਪਣੇ ਬੇਟਿਆ ਨੂੰ ਆਖਿਆ ਬਚਾ ਬਹੁਤ ਗਰਮੀ ਭਈ ਹੈ ਤੁਸੀ ਇਸ ਬਕਾਇਨ ਪਰ ਚਢੋਅਰ (11 ੳ)

ਬਕਾਇਨ ਸੋ ਪਤਾਸੇ ਝਾੜੈ ਤਾ ਸਰਬਤ ਹੋਇ।। ਤਬ ਸਭ ਹਸਨੈ ਲਗੇ ਆਖਨ ਲਗੇ ਕਦੇ ਬਕਾਇਨ ਸੋ ਪਤਾਸੇ ਨਹੀ ਗਿਰੈ ਬਾਬਾ ਕੈਸੀਆ ਗਲਾ ਕਰਨ ਲਗਾ ਹੈ ਤਬ ਬਾਬਾ ਜੀ ਚੁਪ ਕਰ ਗਏ ਤਬ ਫਿਰ ਗੁਰੂ ਅੰਗਦ ਜੀ ਕੋ ਆਖਿਆ ਤੂੰ ਪਤਾਸੇ ਝਾੜ ਤਦ ਗੁਰੂ ਅੰਗਦ ਜੀ ਬਕਾਇਨ ਕੋ ਹਲੂਣਿਆ ਪਤਾਸੇ ਝੜੇ ਬਾਬਾ ਜੀ ਕੇ ਅਗੇ ਧਰੇ ਬਹੁਤ ਪ੍ਰਸੰਨ ਹੋਏ ਆਖਿਵੋਸੁ ਪੁਰਖਾ ਤੂੰ ਧੰਨ ਹੈ ਐਸੇ ਪ੍ਰਸੰਗ ਬਹੁਤ ਹੈਨ ਲਿਖ ਕੇ ਪੜਣੇ ਸੋ ਨਹੀ ਆਵਤੇ ਹੈ ਲਿਖੀ ਨਹੀ ਸਕਦਾ ਹੈ ਬੋਲੋ ਵਾਹਿਗੁਰੂ।।

ਏਕ ਸਮੈਂ ਬਾਬਾ ਜੀ ਨੇ ਰਾਤ ਕੋ ਬੁਢੇ ਸੋ ਪੁਛਿਆ ਬੁਢਿਆ ਰਾਤ ਕਿਤਨ ਰਹਦੀ ਹੈ ਤਾ ਬੁਢੇ ਆਖਿਆ ਮੇਹਰਵਾਨ ਸਵਾ ਪਹਰ ਰਾਤ ਹੈ ਤਾ ਬਾਬੇ ਆਖਿਆ ਤੈਨੂੰ ਕਿਉ ਕਰ ਮਲੂਮ ਹੋਇਆ ਬੁਢੇ ਆਖਿਆ ਅਸੀ ਜਟ ਹਾ ਤਾਰੇ ਦੇਖ ਕੇ ਮਾਲੂਮ ਕਰਦੇ ਹਾ ਫੇਰ ਬਾਬਾ ਜੀ ਗੁਰੂ ਅੰਗਦ ਜੀ ਨੂੰ ਪੁਛਿਆ ਪੁਰਖ ਰਾਤ ਕਿਤਨੀ ਹੈ ਤਦ ਆਖਿਵੋਸੁ ਮੇਹਰਵਾਨ ਤੇਰੀ ਰਾਤ ਤੇਰਾ ਦਿਨ ਤੂੰ ਸਭ ਕੁਛ ਜਾਨਤਾ ਹੈ।। ਅਸਾ ਰਾਤ ਦਿਨ ਨਾਲ ਪਰੋਜਨ ਨਹੀ ਤਬ ਬਾਬਾ ਜੀ ਬਹੁਤ ਪ੍ਰਸੰਨ ਭਏ ਬੋਲੋ ਵਾਹਿਗੁਰੂ।। ਏਕ ਸਮੈਂ

Digitized by Panjab Digital Library | www.panjabdigilib.org

ਬਾਬਾ ਜੀ ਨੇ ਮਨ ਮੈ ਬਿਚਾਰਾ ਜੋ ਇਤਨੇ ਲੋਗ ਜਗਿਆਸੀ ਸਾਨੂੰ ਮਿਲਦੇ ਹੈਨਿ ਇਨ ਕੋ ਸੋਧਿਆ ਚਾਹੀਐ ਤਬ ਬਾਬਾ ਜੀ ਨੇ ਸਭ ਜਗਿਆਸੀਅਨ ਕੋ ਬੁਲਾਇਆ ਸਭ ਕੋ ਸਾਥ ਲੇਕਰ ਏਕ ਜੰਗਲ ਕੋ ਗਏ ਊਹਾ ਐਸਾ ਸਾ ਚਲਿਤ ਧਾਰਿਆ ਜੋ ਲੋਕਾ ਕੋ ਰੁਪਏ ਮੋਹਰਾ ਨਜਰ ਆਵਨ ਲਗੇ ਬਹੁਤ ਲੋਕ ਰੁਪਏ ਮਹਰਾ ਲੈਕੇ ਘਰ ਨੂੰ ਉਠ ਆਏ ਫੇਰ ਬਾਬਾ ਜੀ ਆਗੇ ਚਲੇ ਅਗੇ ਕਿਆ ਦੇਖੇ ਜੋ ਮੋਤੀ ਹੀਰੇ ਨਜ਼ਰ ਆਵਨ ਲਗੇ ਸਭ ਲੋਕ ਉਤਾ ਹੀ ਰਹੇ ਬਾਬਾ (11 ਅ)

ਆਗੇ ਕੋ ਚਲੇ ਤਬ ਗੁਰੂ ਅੰਗਦ ਜੀ ਅਰ ਬੁਢਾ ਜੀ ਨਾਲ ਰਹੇ ਤਬ ਉਸ ਜੰਗਲ ਮੋ ਏਕ ਚਿਖਾ ਨਜਰ ਆਈ ਤਿਸ ਚਿਖਾ ਮੋ ਏਕ ਮੁਰਦਾ ਕਫਨ ਮੋ ਲਕੜੀ ਮੋ ਲਪੇਟਾ ਹੂਆ ਹੈ।। ਤਬ ਬਾਬੇ ਜੀ ਬੁਢੇ ਸੋ ਕਹਾ ਇਸੀ ਵਾਸਤੇ ਅਸੀ ਏਥੇ ਆਏ ਹਾ ਇਸ ਮੁਰਦੇ ਕੋ ਤੂੰ ਖਾਹਤਾ ਬੁਢੇ ਆਖਿਆ ਮੇਹਰਵਾਨ ਕਿਸੀ ਆਦਮੀ ਨੇ ਮੁਰਦਾ ਨਹੀ ਖਾਦਾ ਅਸੀ ਕਿਓ ਕਰ ਖਾਹ ਇਹ ਕਿਓ ਕਰ ਬੁਢਾ ਪਿਛਾ ਹੋ ਕਰ ਘਰ ਕੋ ਚਲਿਆ।। ਬਾਕੀ ਗੁਰੂ ਅੰਗਦ ਜੀ ਰਹੇ ਤਬ ਬਾਬਾ ਜੀ ਆਖਿਆ ਪੁਰਖਾ ਤੁਸੀ ਇਸ ਮੁਰਦੇ ਕੋ ਖਾਹੁ ਤਾ ਗੁਰੂ ਅੰਗਦ ਜੀ ਆਖਿਆ।। ਜੋ ਸਿਰ ਵੱਲ ਖਾਹੁ ਕਿ ਮੈਰਾ ਵਲ ਖਾਹੁ ਬਾਬਾ ਜੀ ਆਖਿਆ ਜੋ ਸਿਰ ਵਲੋ ਖਾਹੁ ਤਬ ਗੁਰੂ ਅੰਗਦ ਜੀ ਚਿਖਾ ਉਪਰਿ ਚਢਿ ਗਏ ਲਕੜੀ ਸਭ ਦੂਰ ਕੀਆ ਤੇ ਕਿਆ ਦੇਖੇ ਜੋ ਬਾਬਾ ਜੀ ਹੈ ਮੁਰਦਾ ਨਾਹੀ ਤਬ ਬਾਬਾ ਜੀ ਉਠ ਖੜੇ ਹੂਏ ਸ੍ਰੀ ਅੰਗਦ ਜੀ ਨੋ ਗਲੇ ਲਗਾਇਆ।। ਤਬ ਆਖਿਵੋਸੁ ਪੁਰਖਾ ਤੂੰ ਧੰਨ ਹੈ।। ਸਭ ਸੰਸਾਰ ਸੋਧ ਕੇ ਮੈ ਤੁਝ ਕੋ ਪਾਇਆ ਹੈ ਆਗੇ ਤੇਰਾ ਲਹਨਾ ਥਾ ਅਬ ਤੇਰਾ ਨਾਓ ਅੰਗਦ ਹੂਆ।। ਤੂੰ ਮੇਰੇ ਅੰਗ ਸੋ ਪੈਦਾ ਹੋਇਆ ਹੈ।। ਸਭ ਸਿਖਾ ਮਾਹਾ ਕਹਿਆ ਥਾ ਮੈਨੂੰ ਤੇਰਾ ਗੁਰੂ ਅਬ ਤੂੰ ਮੇਰੇ ਅੰਗ ਸੇ ਹੋਇਆ ਹੈ ਮੇਰਾ ਗੁਰੂ ਤੂੰ ਮੈ ਤੇਰਾ ਗੁਰੂ ਮੇਰਾ ਗੁਰੂ ਮੈ ਤੇਰਾ ਗੁਰੂ ਇਹ ਕਹਿ ਕਰ ਪੰਜ ਪੈਸੇ ਨਰੀਏਲ ਰਖੇ ਗੁਰੂ ਅੰਗਦ ਜੀ ਆਗੇ ਤਬ ਚਉਰਾਸੀ ਸਿਧ ਪੁਨ ਜਨ ਸਭ ਆਨ ਇਕਠੇ ਭਏ ਸ੍ਰੀ ਗੁਰੂ ਅੰਗਦ ਜੀ ਨੇ ਦਰਸਨ ਕੋ ਸਭ ਧੰਨ ਧੰਨ ਕਰਕੇ ਲਗੇ ਅਰ ਬਡਾ ਮਗਲਾਚਾਰ ਭਇਆ ਬਾਬਾ ਜੀ ਬਹੁਤ ਪ੍ਰਸੰਨ ਹੋਇ ਕਰ ਗੁਰੂ ਅੰਗਦ ਜੀ ਨੋ ਸਾਥ ਲੇਕਰ ਕਰਤਾਪੁਰਖ ਕੋ ਆਏ ਬੋਲੋ ਜੀ ਵਾਹਿਗੁਰੂ।। ਸਾਖੀ ਹੋਰ ਦਲੀ।। ਤਬ

Digitized by Panjab Digital Library | www.panjabdigilib.org

ਬਾਬਾ ਗੁਰੂ ਅੰਗਦ ਜੀ ਕਰਤਾਰਪੁਰ ਮੋ ਆਇ ਤਬ ਬਾਬਾ ਜੀ ਨੇ ਸਭ ਕੋ ਆਗਿਆ ਕੀਤੀ ਪੁਤ੍ਰ ਭਾਈ ਸਭ ਕੋ ਕਹਾ ਜੋ ਤੁਸੀ ਆਇ ਕਰ ਮਥਾ ਟੇਕਉ।। ਤਬ ਸਭ ਨੇ ਮਥਾ ਟੇਕਿਆ ਸਾਹਿਬਜਾਦਿਆ ਨੇ ਆਗਿਆ ਨਾ ਮੰਨੀ।। ਤਬ ਬਾਬਾ ਜੀ ਚੁਪ ਕਰ ਰਹੇ ਏਕ ਸਮੇਂ ਬਾਬਾ ਜੀ ਨੇ ਗੁਰੂ ਅੰਗਦ ਜੀ ਕੋ ਆਖਿਆ ਜੀ ਤੁਸੀ ਆਪਣੇ ਕਬੀਲੇ ਉਥੋ ਬੁਲਾਇਹੁ ਉਹ ਖਡੂਰ ਮੈ ਤੁਸਾਡੇ ਸੋਹਰੇ ਹਨ ਉਥੇ ਲਿਆਏ ਰਖੋ।। ਜੋ ਸਾਡੇ ਨਜੀਕ ਹੋਵਨ।। ਤਬ ਗੁਰੂ ਅੰਗਦ ਜੀ ਖਬਰ ਭੇਜ ਕੇ ਸਭ ਲੋਕ ਸਦੇ ਜੋ ਖਡੂਰ ਮੋ ਅਹਨ ਕੇ ਬਸੈ ਸਭ ਲੋਕ ਜਬ ਖਡੂਰ ਮੋ ਆਇ ਬਸੇ ਤਬ ਸ੍ਰੀ ਸਾਹਿਬ ਕੋ ਖਬਰ ਹੋਈ ਕੀ ਲੋਕ ਆਏ ਬਸੇ ਹੈ ਤਬ ਗੁਰੂ ਬਾਬੇ ਜੀ ਗੁਰੂ ਅੰਗਦ ਨੋ ਆਗਿਆ ਕੀਤੀ ਪੁਰਖਾ ਜੀ ਤੁਸੀ ਖਡੂਰ ਜਾਇ ਕੇ ਰਹੋ ਮਾਈ ਬਿਹਾਈ ਦੇ ਘਰ ਸਾਡੇ ਬੈਠਨ ਦੀ ਮੰਜੀ ਹੈ। ਉਸ ਪਰ ਜਾਓ ਕਰ ਤੁਮ ਬੈਠੋ ਮੇਰਾ ਸਿਘਾਸਨ ਵਹੀ ਹੈ ਤੁਮ ਉਥੇ ਜਾਇ ਕਰ ਬੈਠੋ।। ਅਸੀ ਤੁਸਾਡੇ ਪਾਸ ਆਵਾਗੇ ਤੁਮ ਫੇਰ ਇਥੇ ਨਾਹੀ ਆਵਣ ਤਬ ਬਾਬੇ ਜੀ ਕੀ ਆਗਿਆ ਪਾਇ ਕੇ ਗੁਰੂ ਅੰਗਦ ਜੀ ਖਡੂਰ ਆਏ ਮਾਈ ਬਿਰਾਈ ਦੇ ਘਰ ਗਏ ਮਾਈ ਬਿਰਾਈ ਦੇਖ ਕਰ ਮਥਾ ਟੇਕਿਆ ਅਰ ਉਠ ਕੇ ਬਾਬੇ ਜੀ ਕੋ ਸਿੰਘਾਸਨ ਪਰ ਬੈਠਾਏ ਅਰਚਰਨ ਸੋਕਰ ਚਰਨਾਮਿਤ ਲੀਆ ਅਰ ਪਰਦਖਨਾ ਕੀਆ।। ਅਸ ਪੰਜ ਪੈਸੇ ਨਰੀਏਲ ਆਗੇ ਰਖੇ।। ਅਰ ਮੋਹਸੋ ਵਾਰਨੇ ਘੋਲ ਘੋਲਨੇ ਗਈ ਅਰ ਕਹਿਆ ਮੈ ਅੱਜ ਕੇ ਦਿਨ ਕੋ ਕੁਰਬਾਨ ਗਈ।। ਜੋ ਸਤਿਗੁਰੂ ਮੇਰੇ ਚਰਨ ਧਾਰੇ ਹੈ ਸ੍ਰੀ ਗੁਰੂ ਅੰਗਦ ਜੀ ਸਾਹਿਬ ਓਹਾ ਰਹਨੇ ਲਗੇ।। ਫੇਰ ਏਕ ਸਮੇਂ ਬਾਬਾ ਜੀ ਖਡੂਰ ਮੋ ਆਏ ਸ੍ਰੀ ਗੁਰੂ ਅੰਗਦ ਜੀ ਆਗੇ ਦਰਸਨ ਕੋ ਗਏ ਜਾਇ ਕਰ ਚਰਨਾ ਪਰ ਮਥਾ ਟੇਕਿਆ।। ਬਾਬੇ ਜੀ ਕਹਿਆ ਪੁਰਖਾ ਜੀ ਇਸੀ ਟੋਬੇ ਪਰ ਬੈਠੀਏ ਗੁਰੂ ਅੰਗਦ ਜੀ ਕਹਿਆ ਸਚੇ ਪਾਤਸ਼ਾਹ ਸਭ ਜਗਾ ਤੇਰੀ ਹੈ ਤਬ ਬਾਬਾ ਜੀ ਉਹ ਬੈਠੇ ਤਿਸ ਦਿਨ ਸੇ ਉਸ (12 ਅ)

ਟੋਬੇ ਕਾ ਨਾਓ ਤਪਿਆਣਾ ਰਖਿਆ।। ਤਬ ਮਾਤਾ ਖੀਵੀ ਜੀ ਗੁਰੂ ਅੰਗਦ ਜੀ ਕੇ ਕਬੀਲੇ ਨੇ ਸੁਨਾ ਜੋ ਬਾਬਾ ਜੀ ਆਏ ਹੈ ਤਬ ਮਾਤਾ ਜੀ ਗਏ ਪੂਜਾ ਕੀਆ ਬਾਬੇ

Digitized by Panjab Digital Library | www.panjabdigilib.org

ਜੀ ਕੀ ਅਰ ਦਰਸਨ ਕੀਆ ਬਾਬਾ ਜੀ ਕੀ ਖੁਸੀ ਹੋਈ।। ਮਾਤਾ ਜੀ ਘਰ ਗਏ ਤਬ ਬਾਬਾ ਜੀ ਪੁਛਿਆ ਪੁਰਖਾ ਜੀ ਸੰਤਾਨ ਤੁਮਾਰੇ ਕਿਆ ਹੈ ਤਬ ਗੁਰੂ ਅੰਗਦ ਜੀ ਕਹਿਆ ਸਚੇ ਪਾਤਸ਼ਾਹ ਮਤੇ ਕੀ ਸਰਾਇ ਜਬ ਹੋਦੇ ਸੇ ਤਬ ਦੋਇ ਲੜਕੇ ਸੇ ਦਾਤੂਦਾਸਾ ਨਾਓ।। ਇਕ ਸਮੇ ਧਾੜੇ ਪਰ ਚੜਕੇ ਵੈ ਗਏ ਤਬ ਕਿ ਫੇਰ ਨਾ ਆਏ ਕੁਛ ਖਬਰ ਭੀ ਨਾ ਆਈ।। ਤਬ ਬਾਬੇ ਜੀ ਆਖਿਆ ਪੁਰਖਾ ਸੰਤਾਨ ਚਾਹੀਏ ਦੂਇ ਸਾਡੇ ਦੂਇ ਤੁਸਾਡੇ ਤਬ ਅੰਗਦ ਜੀ ਆਖਿਆ।। ਪਾਤਸਾਹ ਜੋ ਬਚਨ ਕੀਤਾ ਹੈ ਤੋ ਦਾਸੂ ਦਾਤਾ ਹੀ ਆਵੈ ਤਬ ਬਾਬੇ ਜੀ ਆਖਿਆ ਪੁਰਖਾ ਦਾਤੂ ਦਾਤਾ ਈ ਆਵੈਗਾ ਜਿਸ ਤਰਾ ਆਗੇ ਕਿਹਾ ਕਾਰਨ ਹੂਅ ਹੈ ਫਿਰ ਜਬ ਹੋਵੈਗਾ ਤਬ ਉਸੀ ਤਰਹ ਹੋਵੈਗਾ ਇਅਹ ਬਚਨ ਕਰਕੇ ਬਾਬਾ ਜੀ ਉਠ ਖੜੇ ਹੋਏ ਜਬ ਬਾਬਾ ਜੀ ਚਲੇ ਤਬ ਗੁਰੂ ਅੰਗਦ ਜੀ ਭੀ ਚਲੇ ਤਬ ਬਾਬੇ ਜੀ ਆਖਿਆ ਪੁਰਖਾ ਜੀ ਤੁਸੀ ਇਥੇ ਹੀ ਬੈਠੋ ਅਸੀ ਆਵਾਗੇ।। ਬਾਬਾ ਜੀ ਕਰਤਾਰਪੁਰ ਗਏ ਤਬ ਸ੍ਰੀ ਗੁਰੂ ਅੰਗਦ ਜੀ ਉਥੇ ਹੀ ਬੈਠ ਗਏ ਕਿਤਨੇ ਹੀ ਗੁਜਰ ਗਏ ਅਰ ਸਰੀਰ ਪਰ ਦੀਵ ਕੀ ਮਿਟੀ ਫਿਰ ਗਈ ਅਰ ਘਾਸ ਜਮ ਗਇਆ ਤਬ ਏਕ ਸਮੇਂ ਬਾਬਾ ਜੀ ਫਿਰ ਆਏ ਸ੍ਰੀ ਗੁਰੂ ਅੰਗਦ ਜੀ ਦੇ ਸਿਰ ਪਰ ਅਹਨ ਖੜੇ ਹੂਏ ਅਰਬੁਲਾਇਆ ਹੇ ਪੁਰਖਾ ਜੀ ਤਬ ਸ੍ਰੀ ਗੁਰੂ ਅੰਗਦ ਜੀ ਉਠ ਪੜੇ ਹੂਏ ਅਰ ਬੁਲਾਇਆ ਹੇ ਪੁਰਖਾ ਜੀ ਤਬ ਸ੍ਰੀ ਗੁਰੂ ਅੰਗਦ ਜੀ ਉਠ ਖੜੇ ਹੂਏ ਚਰਨਾਪਰ ਮਥਾ ਟੇਕਿਆ ਤਬ ਬਾਬੇ ਜੀ ਕਹਿਆ ਪੁਰਖਾ ਜੀ ਤੁਸੀ ਇਥੇ ਕਿਓ ਬੈਠੇ ਅਰ ਐਸਾ ਕਸਟ ਕਿਓ ਕੀਤਾ ਤਬ ਗੁਰੂ ਅੰਗਦ ਜੀ ਆਖਿਆ ਹਮ ਕੋ ਹੁਕਮ ਹੋਇਆ ਥਾ ਜੋ ਇਥੇ ਹੀ ਬੈਠੋ ਤਾ ਬਾਬਾ ਜੀ ਆਖਿਆ ਪੁਰਖਾ ਤੂੰ ਧੰਨ ਹੈ ਪਰ ਤੇਰਾ ਕਸਟ ਸਾਨੂੰ ਪਿਆਰਾ ਨਹੀ ਲਗਦਾ ਭਾਵਦਾ ਨਹੀ ਸਭ ਤਪ ਜੋ ਅਸਾ ਕੀਤਾ (13 ੳ)

ਹੈ ਸੋ ਤੁਸਾਡੇ ਈ ਲਈ ਕੀਤਾ ਹੈ ਫੇਰ ਕੋਈ ਸਾਲ ਬਾਬਾ ਜੀ ਉਹਾ ਹੀ ਰਹੇ ਫਿਰ ਬਾਬਾ ਜੀ ਪੁਛਿਆ ਜੋ ਪੁਰਖਾ ਜੀ ਜਲ ਕਹਾ ਕਾ ਪੀਜੀਏ ਹੈ ਆਖਿਆ

Digitized by Panjab Digital Library | www.panjabdigilib.org

ਸਚੇ ਪਾਤਸਾਹ।। ਜਲ ਇਸ ਬਸਤੀ ਕਾ ਖਾਰੀ ਹੈ ਵਹੀ ਪਈਦਾ ਹੈ ਤਬ ਬਾਬੇ ਜੀ ਕਹਿਆ ਹੈ ਪੁਰਖਾ ਇਥੇ ਇਹ ਖੂਹਾ ਪੁਰਾਤਨ ਹੈ ਜਲ ਬਹੁਤ ਮੀਠਾ ਹੈ ਅਰ ਸਾਬਤ ਹੈ ਇਸ ਕੋ ਖੋਦਾਇ ਨੇ ਇਸ ਦਾ ਜਲ ਪੀਜੀਏ ਤਬ ਸਾਹਿਬ ਕੀ ਆਗਿਆ ਸੋ ਖੂਹਾ ਖੋਦਿਆ ਗਇਆ।। ਜਬ ਖੂਹਾ ਖੋਦਿਆ ਤੋ ਜਲ ਬਹੁਤ ਮਿਠਾ ਨਿਕਲਿਆ ਵਹੀ ਜਲ ਵਰਤਨ ਸੋ ਆਇਆ ਤਬ ਬਾਬਾ ਜੀ ਮਾਈ ਬਿਰਾਈ ਕੋ ਖੁਸੀ ਕੀਆ।। ਆਪ ਕਰਤਾਰਪੁਰ ਕੋ ਗਏ ।। ਬੋਲੋ ਵਾਹਿਗੁਰੂ।। ਆਗੇ ਸਾਖੀ ਹੋਰ ਚਲੀ।। ਮਖਦੂਸ ਬਹਾਵਲ ਹਕ ਜੋ ਮੁਲਤਾਨ ਕੇ ਪੀਰ ਥੇ ਬਾਬੇ ਜੀ ਸਿਉ ਬਡੇ ਪਰੀਤ ਥੀ ਜੋ ਆਗੇ ਗੋਸ਼ਟ ਮੁਲਾਕਾਤ ਹੋਈ ਸੀ ਇਕ ਦਿਨ ਉਨ ਕੋ ਦਰਗਾਹ ਕਾ ਸਦਾ ਆਇਆ ਸਾ ਤਬ ਪੀਰ ਬਹੁਤ ਰੁਦਨ ਕਰਨ ਲਗੇ ਜਬ ਬਹੁਤ ਰੁਦਨ ਕੀਆ ਤਬ ਸਭ ਮੁਰੀਦ ਮਿਲ ਕਰ ਪੁਛਨ ਲਗੇ ਪੀਰ ਸਾਹਿਬ ਐਸਾ ਰੁਦਨ ਕਿਉ ਕਰੀਏ ਹੈ ਤਬ ਪੀਰ ਆਖਿਆ ਇਕ ਬਾਤ ਹੈ ਸੋ ਦਿਲ ਵਿਚ ਰਖਨ ਵਾਲੀ ਹੈ ਜੋ ਤੁਮ ਕਉਨ ਵਾਤਾ ਤੁਮਾਰਾ ਈਮਾਨ ਠਉਰ ਨਾ ਰਹੇਗਾ।। ਤਾ ਸਭ ਮੁਰੀਦਾ ਨੇ ਕਹਿਆ ਜੋ ਪੀਰ ਜੀ ਹਮ ਕੋ ਸੁਨਾਈਐ ਤਬ ਪੀਰ ਆਖਿਆ ਸਾਨੂੰ ਖੁਦਾਇਦਾ ਹੁਕਮ ਆਇਆ ਹੈ ਆਜ ਕੇ ਸਤਵੇ ਦਿਨ ਦਰਗਾਹ ਜਾਣੇ ਕਾ ਅਰ ਬਾਬਾ ਨਾਨਕ ਜੋ ਸਾਧ ਹੈ ਬਡਾ ਭਲੀ ਹੈ ਉਨਾ ਨੇ ਅਜ ਕੇ ਚਉਦਾ ਦਿਨ ਚਲਨਾ ਹੈ ਅਸਾਨੂੰ ਇਹ ਅਫਸੋਸ ਹੈ ਜੋ ਅਸਾਨੂੰ ਭੀ ਚੋਦਵੇ ਦਿਨ ਹੁਕਮ ਹੋਦਾ ਤੋ ਸਾਥੇ ਚਲਦੇ ਤਓ ਬਡੀ ਖੁਸ਼ੀ ਹੋਤੀ ਅਰ ਮੁਰਾਦ ਪੂਰੀ ਹੋਈ।। ਤਬ ਮੁਰੀਦ ਸੁਣ ਕੇ ਬਹੁਤ ਹੈਰਾਨ ਹੋਇ ਗਏ।। ਆਖਿਵਸੁ ਜੋ ਹਿਦੂਆ ਕੋ ਤੋ ਬਿਸਤ ਨਹੀ (13ਅ)

ਤੁਮ ਜੋ ਹਿੰਦੂ ਪਰ ਇਤਨਾ ਏਕਾ ਅਹੁਤੋਲਾ ਏਹੁ ਪੀਰ ਜੀ ਏਹ ਬਾਤ ਭਲੀ ਨਹੀ ਤਬ ਸਭ ਮੁਰੀਦ ਆਪਸ ਸੋ ਬਾਤਾ ਕਰਨ ਲਗੇ ਜੋ ਪੀਰ ਕੀ ਅਕਲ ਗਈ ਹੈ ਤਬ

Digitized by Panjab Digital Library | www.panjabdigilib.org

ਪੀਰ ਜੀ ਫਿਰ ਬੋਲੇ ਤੁਸਾਨੂੰ ਤੋ ਆਗੇ ਹੀ ਅਸੀ ਕਰਦੇ ਸੇ ਕੀ ਤੁਸਾਡੀ ਏਮਾਨ ਨਾ ਰਹੇਗਾ ਇਕ ਠਾਇ ਤਾਤੇ ਅਬ ਇਕ ਆਦਮੀ ਬਾਬੇ ਨਾਨਕ ਪਾਸ ਭੇਜਾ ਚਾਹੀਏ ਤਬ ਤੁਮਾਰਾ ਈਮਾਨ ਠਉਰ ਆਵੈਗਾ ਲੈ ਸਭ ਕੇ ਦਿਲ ਕੀ ਬੁਵਤੇ ਹੈ ਤਬ ਇਕ ਮੁਰੀਦ ਕੋ ਬੁਲਾਇ ਕਰ ਹੁਕਮ ਕੀਤਾ ਜੋ ਜਹਾ+ ਬਾਬੇ ਨਾਨਕ ਕਾ ਮਕਾਨ ਹੈ ਤੂੰ ਉਥੇ ਜਾਹਿ ਤਿਨ ਕੋਸ ਉਰੇ ਬੈਠਣਾ ਜਬ ਤੁਮ ਕੋ ਬੁਲਾਵੈਗਾ ਤਬ ਤੁਮ ਜਾਣਾ ਜੋ ਕੁਛ ਮੁਹ ਸੇ ਅਵਾਜ ਕਰੇਗਾ ਸੋ ਲਿਖ ਲਿਆਵਣਾ।। ਤਬ ਸੋਵਹੁ ਮੁਰੀਦ ਤੇਰਾ ਸੋ ਚਲਾ ਅਰ ਪੀਰ ਜੀ ਨੇ ਖਤ ਲਿਖ ਦੀਆ ਬੇਨਤੀ ਕਾ ਮੋਲੇ ਚਲਾ।। ਜਹਾ+ ਬਾਬੇ ਜੀ ਕਾ ਕਰਤਾਰਪੁਰ ਥਾ ਤਹਾ ਸੋ ਤੀਨ ਕੋਸ ਉਰੇ ਬੈਠਾ ਤਬ ਬਾਬੇ ਜੀ ਨੇ ਕਮਲੀਆ ਟਹਲੀਆ ਕੋ ਹੁਕਮ ਕੀਤਾ ਕਮਲੀਆ ਖੁਲਤਾਨ ਕੇ ਪੀਰ ਕਾ ਆਦਮੀ ਤਿਹ ਕੋਹਰ ਵਿਚ ਝੰਗੀ ਵਿਚ ਬੈਠਾ ਹੈ ਉਸ ਕੋ ਸਾਡੇ ਪਾਸ ਲੇਆਉ ਤਬ ਕਮਲੀਆ ਉਥੇ ਗਾਇਆ ਉਸ ਨਾਲ ਲੇਕੇ ਬਾਬੇ ਜੀ ਪਾਸ ਲੇ ਆਇਆ।। ਤਬ ਆਣ ਕੇ ਬਾਬੇ ਦੇ ਕਦਮਾ ਉਪਰਿ ਗਿਰ ਪੜਿਆ।। ਤਾ ਬਾਬੇ ਜੀ ਬਹੁਤ ਮੇਹਰ ਕੀਤੀ ਆਖਿ ਵੋਸੁ ਸਾਡੇ ਦੋਸਤ ਦਾ ਸਨੇਹਾ ਆਇਆ ਹੈ ਤਬ ਉਨ ਲਿਖਿਆ ਪੀਰ ਦਾ ਬਾਬੇ ਜੀ ਕੋ (ਦਿੱਤਾ ਬਾਬੇ ਜੀ ਕੋ ਦਿੱਤਾ) ਬਾਬੇ ਜੀ ਲੇਕਰ ਪੜਿਆ।। ਤਦ ਬਹੁਤ ਬੈਰਾਗ ਕਰਨ ਲਗੇ ਤਬ ਬਾਬੇ ਜੀ ਆਖਿਆ ਵਾਹੁ ਵਾਹੁ ਪੀਰ ਬਹਾਵਲ ਹਕ ਸਾਹਿਬਾ ਕਾ ਬੜਾ ਪਿਆਰਾ ਸਾ ਸੋ ਆਜਰਬ ਕੋ ਮਿਲਿਆ।। ਤਬ ਬਾਬੇ ਜੀ ਨੇ ਬੈਰਾਗ ਮੋ ਸਬਦ ਉਚਾਰ ਕੀਤਾ ਰਾਗ ਸ੍ਰੀ ਰਾਗ ਮਹੱਲਾ ੧।। ਧੰਨ ਜੋਬਨ ਅਰ ਫੂਲੜਾ ਨਾਛੀਆੜੇ ਦਿਨ ਚਾਰ।। ਪਫਨ ਕੇਰੇ ਪਤਿ ਜਿਉ ਫੂਲ (14ਓ)

ਫਲ ਜੁਮਣ ਹਾਰ।। ਰੰਗ ਮਾਣ ਨੈ ਪਿਆਰਿਆ ਜਾ ਜੋਬਨ ਨੋਵਹੁਲਾ।। ਦਿਨ ਥੋੜੇ ਥਕੇ ਭਇਆ ਪੁਰਾਨਾ ਚੋਲਾ।।2।। ਰਹਾਉ ਸਾਜਣ ਮੇਰੇ ਚੰਗਲੇ ਜਾਇ ਸੁਤੇ ਜੋਰਾਣ ਦੰਭੀ ਵੰਜਾ ਡੂੰਮਣੀ ਰੋਣਾ ਵੀਨੀ ਬਾਣ।। ਕੀਤਾ ਸੁਣੇ ਹੀ ਗੋਰੀਏ ਆਪਨ ਕੰਨੀ ਸੋਇ।। ਲਗੇ ਆਵੈ ਸਾਹੁਰੇ ਨਿਤਲ ਪੇਈਆ ਹੋਇ।।3।।

Digitized by Panjab Digital Library | www.panjabdigilib.org

ਨਾਨਕ ਸੁਤੇ ਪੈਏਏ ਜਾਣ ਵਿਰਤੇ ਮੰਨ।। ਗੁਣ ਗਵਾਹੇ ਗੰਠਰੇ ਅਉਗਣ ਚਲੇ ਬੰਨ।। 4।। ਜਬ ਏਹ ਸਬਦ ਬਾਬੇ ਜੀ ਆਖਿਆ ਤਬ ਉਸ ਪੁਰੀਦ ਨੇ ਲਿਖ ਲਿਆ।। ਅਰ ਖੁਲਤਾਨ ਕੋ ਚਲਾ।। ਤਬ ਪੁਰੀਦ ਜਾਇ ਖੁਲਤਾਨ ਪਹੁਚਿਆ ਸੁਣਿ ਵੇ ਸੁਜੈ ਪੀਰ ਜੀ ਹਕ ਹੋਏ।। ਤਬ ਜਾਇ ਕਰ ਬਾਬੇ ਜੀ ਕਾ ਸਬਦ ਲਿਖਾ ਹੋਆ ਪੀਰ ਕੇ ਨਜੀਕੀਆ ਕੋ ਚੀਆ ਅਰ ਮਹੁ ਸੋ ਕਹਹ ਜੋਧਨ ਬਾਬਾ ਨਾਨਕ ਹੈ ਜੋ ਕੁਛ ਪੀਰ ਜੀ ਕਹਦੇ ਸੇ ਸੋਈ ਦੇਖਿਆ ਤਬ ਸਬ ਲੋਕਾ ਨੇ ਲਿਖਿਆ ਪਢਿਆ ਤਬ ਬਾਬੇ ਜੀ ਸਬ ਲਗੇ ਸਿਫਤ ਕਰਨ ਬੋਲੋ ਵਾਹਿਗੁਰੂ।। ਸਾਖੀ ਹੋਰ ਚਲੀ।। ਤਬ ਏਕ ਦਿਨ ਕਮਲੀਆ ਟਹਨੀਆ ਜੰਗਲ ਮੋ ਸੋ ਘਾਸ ਕੋ ਗਇਆ ਥਾ।। ਜਾ ਘਾਸ ਲੇ ਕੇ ਚਲਿਆ ਤਬ ਤਿਨ ਸਿਧ ਮਿਲੇ ਤਬ ਉਨੋ ਨੇ ਕਹਾ ਏ ਕਮਲੀਆ ਇਹ ਪੁੜੀ ਪ੍ਰਸਾਦ ਵੀ ਸਾਡੀ ਬਾਬੇ ਨਾਨਕ ਜੀ ਕਉ ਦੇਣੀ।। ਤਬ ਕਮਲੀਆ ਪੁੜੀ ਲੈ ਕੇ ਬਾਬੇ ਜੀ ਕੇ ਪਾਸ ਆਇਆ ਤਬ ਪੁੜੀ ਬਾਬੇ ਜੀ ਕੇ ਆਗੇ ਰਖੀਆ ਸੁ ਅਰ ਕਹਿਆ ਜੋ ਤਿਨ ਸਾਧਾ ਨੇ ਇਹ ਪੁੜੀ ਮੈਨੂੰ ਦੀੱਤੀ ਹੈ।। ਤਬ ਬਾਬੇ ਜੀ ਲੀਆ ਖੋਲ ਕਰ ਚਿਠੀ ਬੀਚ ਸੋ ਬਿਭੂਤ ਨਿਕਲੀ।। ਤਬ ਬਾਬੇ ਆਖਿਆ ਕਮਲੀਆ ਸਾਨੂੰ ਨਿਰੰਕਾਰ ਦੀ ਆਗਿਆ ਆਈ ਹੈ ਤਬ ਬਾਬਾ ਸੰਗਤ ਮਿਲਾਪੀ ਸਭ ਬੁਲਾਏ ਸ੍ਰੀ ਗੁਰੂ ਅੰਗਦ ਜੀ ਭੀ ਆਏ।। ਤਬ ਬਾਬੇ ਜੀ ਸਭ ਮਿਲਾਪੀਆ ਨੂੰ ਸਾਹਿਬ ਨੇ ਪੁਛਿਆ ਜੋ ਭਾਈ ਜੋ ਮਨੋਰਥ ਤੁਮਾਰਾ ਹੋ ਸੋ (14 ਅ)

ਮੰਗ ਲਹੋ।। ਅਸਾਨੂੰ ਦਰਗਾਹ ਜਾਣੇ ਦਾ ਹੁੰਕਮ ਆਇਆ ਹੈ ਤਬ ਸਭਨੋ ਨੇ ਅਪਨੇ ਮਨੋਰਥ ਦੁਨੀਆ ਦੇ ਮੰਗ ਲਏ ਤੁਬ ਬਾਬਾ ਜੀ ਨੇ ਸਭਨਾ ਦੇ ਮਨੋਰਥ ਪੂਰੇ ਕੀਤੇ।। ਅਰ ਬਾਬਾ ਜੀ ਹਸਨ ਲਗੇ ਜੋ ਕੋਈ ਆਪਣੇ ਪਰਲੋਕ ਦੀ ਬਾਤ ਨਹੀ ਪੁਛਿਆ ਨਹੀ ਮੰਗਿਆ ਤਬ ਸ੍ਰੀ ਗੁਰੂ ਅੰਗਦ ਜੀ ਬੈਰਾਗ ਲਗੇ ਕਰਨ।। ਤਬ ਬਾਬਾ ਜੀ ਆਖਿਆ ਜੋ ਪੁਰਖਾ ਜੀ ਅਸੀ ਤੁਸੀ ਜੁਦਾ ਨਹੀ ਬਲਵੰਡ ਮੇਰਾ ਰਬਾਬੀ ਹੈ

Digitized by Panjab Digital Library | www.panjabdigilib.org

ਇਸਕੋ ਨਾਲ ਲੈ ਜਾਈਐ।। ਤੁਸਾਡੇ ਰੋਬਰੋ ਸਬਦ ਦੀ ਚਉਕੀ ਕਰੇਗਾ ਇਸ ਕੋ ਇਉ ਰਖਨਾ ਜਿਉ ਦੰਦਾ ਮੇ ਜੀਭ ਰਹਦੀ ਹੈ ਅਰ ਹੋਰ ਸਭ ਮਿਲਾਪੀਆ ਨੂੰ ਮੇਰੀ ਆਖਿਆ ਹੈ ਤੁਸਾਡੀ ਸਭ ਆਗਿਆ ਮੋ ਰਹੇਗੇ ਇਹ ਬਿਧ ਆਖ ਕੇ ਬਾਬਾ ਜੀ ਨੇ ਗੁਰੂ ਅੰਗਦ ਜੀ ਕੇ ਖਡੂਰ ਸੋ ਵਿਦਿਆ ਕੀਤਾ।। ਤਬ ਫਿਰ ਪਿਛੇ ਸਾਹਿਬ ਨੇ ਸ੍ਰੀ ਲਖਮੀ ਦਾਸ ਜੀ ਅਰ ਸ੍ਰੀ ਚੰਦ ਜੀ ਕੋ ਬੁਲਾਇਆ ਪਰ ਏ ਨਹਰੀ ਆਏ ਤਬ ਤਕ ਬਾਬਾ ਜੀ ਜੋਤੀ ਜੋਤ ਸਮਾਏ ਤਬ ਸਾਹਿਬਜਾਦਿਆ ਨੇ ਸੁਣਿਆ ਤਬ ਦਉੜੇ ਆਏ ਦੇਖੈ ਜੋ ਬਾਬਾ ਜੀ ਸਮਾਇ ਗਇਆ ਹੈ ਤਬ ਬਹੁਤ ਬੈਰਾਗ ਅਰ ਰੁਦਨ ਕੀਆ ਕਹਨ ਲਗੇ ਜੋ ਅਸਾ ਬਾਬੇ ਜੀ ਨਾਲ ਚਾਰ ਗਲਾ ਭੀ ਨਾ ਕੀਤੀਆ ਅਰ ਕਿਹਉ ਨੇ ਹੈ ਤੁਸਾ ਆਖਨਾ ਹੈ ਮੈਨੂੰ ਆਖੋ ਤੁਸੀ ਚਾਰ ਜੁਗ ਰਹਦੇ ਤੇ ਚਾਰ ਜੁਗ ਤੁਸਾਡੇ ਵਾਸਤੇ ਬੈਠਾ ਰਹਤਾ ਅਬ ਜੋ ਕੁਛ ਤੁਸਾ ਕਰਨਾ ਹੈ ਸੋ ਕਹੋ ਤਬ ਸਾਹਿਬਜਾਦਿਆ ਆਖਿਆ।। ਜੋ ਗੁਰਹਾਈ ਗੁਰੂ ਅੰਗਦ ਜੀ ਕੋ ਬਖਸੀ ਆਹੀ ਕਿਆ ਕਰਾਗੇ ਤਬ ਬਾਬੇ ਜੀ ਆਖਿਆ ਪੀਰਾ ਦੇ ਘਰ ਕੇ ਤੋ ਕੁੰਤਿਆ ਨੂੰ ਮੰਨਦਾ ਹੈ ਤੁਸੀ ਤਾ ਮੇਰੇ ਪੁਤ੍ਰ ਹੋ (15ਓ)

ਤੁਮ ਕੋ ਕਿਆ ਕਮੀ ਹੈ।। ਇਅਹ ਗਲ ਕਰਕੇ ਬਾਬਾ ਜੀ ਜੋਤੀ ਜੋਤ ਸਮਾਏ।। ਤਬ ਬਿਬਾਣ ਕੀਰਤਨ ਕਰਤੇ ਨਦੀ ਰਾਵੀ ਕੇ ਕਿਨਾਰੇ ਸਸਕਾਰਿਆ ਬੜੇ ਭਜਨ ਅਨੰਦ ਹੋਏ।। ਫਿਰ ਜਬ ਰੀਗਾ ਪਰਵਾਹ ਕੇ ਵਾਸਤੇ ਬੰਧਾ ਖੋਲਿਆ ਸਤਿ ਲੇਣੇ ਲਗੇ ਤਬ ਕੋਏ ਸਰੀਰਕਾ ਅਕਾਰ ਨਜਰ ਨਾ ਆਇਆ ਸਭ ਬਿਸਮਾਦ ਹੋਇ ਗਏ ਧੰਨ ਬਾਬਾ ਨਾਨਕ ਸਤਿਗੁਰੂ ਪੂਰਾ ਜਾਪ ਜਪਦੇ ਸਭ ਘਰ ਕੋ ਆਏ।। ਬੋਲੋ ਜੀ ਵਾਹਿਗੁਰੂ।। ਧੰਨ ਗੁਰੂ ਸਓ ਗੁਰੂ ਸੰਮਤ 1526 ਅਸੂ ਵਦੀ ੧੦ਓ ਕਨਾਗਤ ਕੇ ਦਿਨ ਥੇ ਸਾਖੀ ਹੋਰ ਚਲੀ।। ਏਕ ਸਮੇਂ ਜਦ ਗੁਰੂ ਨਾਨਕ ਜੀ ਸੋ ਥਿਰ ਭਏ ਤਬ ਖਡੂਰ ਕੋ ਗਏ।। ਤਬ ਮਾਈ ਬਿਰਾਈ ਦੇ ਘਰ ਗਏ ਸਿਘਾਸਨ ਪਰ ਜਾਇ ਬੈਠੇ ਤਦ ਮਾਈ ਬਿਰਾਈ ਮਥਾ ਟੇਕਿਆ।। ਮਥਾ ਟੇਕ ਕੇ ਬਾਬੇ ਜੀ ਕੀ ਖਬਰ

Digitized by Panjab Digital Library | www.panjabdigilib.org

ਪੁਛੀ ਤਬ ਸ੍ਰੀ ਗੁਰੂ ਅੰਗਦ ਜੀ ਬਚਨ ਕੀਤਾ।। ਸਲੋਕ ਜਿਸ ਪਿਆਰੇ ਸਿਉ
ਨੇਹੁ ਤਿਸ ਆਗੇ ਸਚਿ ਚਲੀਏ।। ਧ੍ਰਿਗ ਜੀਵਨ ਸੰਸਾਰਤਾ ਕੇ ਪਾਛੈ ਜੀਵਣਾ।।
ਤਬ ਮਾਈ ਬਿਰਾਈ ਸ੍ਰੀ ਗੁਰੂ ਜੀ ਕੇ ਚਰਨਾ ਕੋ ਪਕਰ ਲੀਆ ਅਰ ਆਖਿਓ ਸੁ
ਸਚੇ ਪਾਤਸ਼ਾਹ ਤੁਸੀ ਬਾਬਾ ਜੀ ਹੋ ਮੇਰੀ ਦਿਸਟ ਹੋਰ ਕੋਈ ਅਾਵਦਾ
ਤੇਰੇ ਸਵਾਇ।। ਤਬ ਸ੍ਰੀ ਗੁਰੂ ਅੰਗਦ ਜੀ ਕੋਠਰੀ ਕੇ ਅੰਦਰਿ ਜਾਇ ਬੈਠੇ
ਮਾਈ ਬਿਰਾਈ ਕੋ ਆਗਿਆ ਕੀਤੀ ਜੋ ਮਾਈ ਬਿਰਾਈ ਕੋਠਰੀ ਕਾ
ਦਰਵਾਜਾ ਮੁੰਦ ਕੇ ਕੋਠਰੀ ਕੋ ਲੇਪ ਛੱਡਨਾ ਜੋ ਸਾਡੀ ਖਬਰ ਪੁਛੈ ਤੋ ਦਸਨੀ ਨਾਹੀ।।
ਤਬ ਮਾਈ ਬਿਰਾਈ ਉਸੀ ਤਰਹ ਕੀਆ।। ਇਸ ਬਾਤ ਕੋ ਛਿਅ ਮਹੀਨਾ ਬੀਤਾ
ਤਬ ਬਾਬੇ ਜੀ ਕੇ ਮਿਲਾਪੀ ਜੋ ਥੇ ਸੋ ਬਹੁਤ ਬੈਰਾਗਓ ਪੁਜਿਆ।। ਗੁਰੂ ਜੀ ਦੇ
ਦਰਸਨ ਬਿਨਾ।। ਤਬ ਬੁਢੇ ਰੰਧਾਵੇ ਕੋ ਏਕ ਸਮੇਂ ਬਾਬਾ ਜੀ ਆਗਿਆ ਕੀਤੀ
ਥੀ।। ਬੁਢਿਆ ਤੈ ਸਾਡੀ ਬਹੁਤ ਟਹਲ ਕੀਤੀ ਹੈ ਕੁਛ ਮੰਗ ਲੈ ਤਬ (15 ਅ)

ਬੁਢੇ ਆਖਿਆ ਮੇਹਰਵਾਨ ਤੂੰ ਸਭ ਕੁਛ ਜਾਣਦਾ ਹੈ ਜੋ ਅਛੀ ਵਸਤ ਹੋਏ ਸੋ ਸਾਨੂੰ
ਮਿਲੇ ਤਬ ਬਾਬੇ ਜੀ ਆਖਿਆ ਜਿਥੇ ਮੈ ਹੋਵਾਗਾ ਤਿਥੇ ਤੂੰ ਮੈਨੂੰ ਪਛਾਨ ਲੇਵੇਗਾ।।
ਇਅਹ ਬਚਨ ਹੋਇਆ ਥਾ ਏਕ ਸਮੇਂ ਬੁਢੇ ਕੋ ਬੜਾ ਲੋਚਾ ਹੋਈ ਥੀ।। ਤਬ ਬੁਢਾ
ਖਡੂਰ ਕੋ ਆਇਆ।। ਮਾਈ ਬਿਰਾਈ ਕੇ ਘਰ ਮਾਈ ਬਿਰਾਈ ਬੈਠੀ ਥੀ।।
ਅਰ ਬਲਵੰਡ ਭੀ ਇਥੇ ਹੀ ਥਾ।। ਬੁਢੇ ਨੇ ਮਾਈ ਕੋ ਪੈਰੀ ਪਹਿਨਾ ਕੀਆ ਅਰ
ਮਾਈ ਨੂੰ ਆਖਿਆ ਸਾਨੂੰ ਬਡੀ ਲੋਚਾ ਹੈ ਗੁਰ ਕਾ ਦਰਸਨ ਕਰਾਉ।। ਤਬ ਮਾਈ
ਨੇ ਆਖਿਆ ਗੁਰੂ ਦੀ ਗੁਰੂ ਜਾਣੇ ਜਿਥੇ ਤੈਨੂੰ ਗੁਰੂ ਨਜਰ ਆਵਦਾ ਹੈ ਓ ਲਭ ਲੈ।।
ਤਬ ਬੁਢੇ ਆਖਿਆ ਮਾਈ ਤੇਰੇ ਮਥੇ ਮਲੂਮ ਹੋਵੇਦਾ ਹੈ।। ਜੋ ਗੁਰੂ ਤੇਰੇ ਘਰ ਮੋ ਹੈ।।
ਅਰ ਮੈਨੂੰ ਗੁਰੂ ਕਾ ਵਚਨ ਹੈ ਜਿਥੇ ਮੈ ਹੋਵਾਗਾ ਤਿਥੇ ਤੈਨੂੰ ਦਸਨ ਦੇਵਾਗਾ।। ਤਬ
ਬਲਵੰਡ ਆਖਿਆ ਭਾਈ ਬੁਢਿਆ ਛੈ ਮਹੀਨੇ ਹੋਏ ਹੈ ਸਾਨੂੰ ਦੁਆਰੇ ਉਪਰਿ ਬੈਠਿਆ
ਨੂੰ ਭਲਾ ਹੋਇਆ ਤੂੰ ਆਇਆ ਹੈ ਤੈਨੂੰ ਬਾਬੇ ਜੀ ਖੁਸੀ ਹੈ ਭਲਾ ਕਰੇ ਤੇ ਦੁਆਰਾ

Digitized by Panjab Digital Library | www.panjabdigilib.org

ਖੋਲੇ ਤੂੰ ਦਰਸਨ ਕਰੇ ਅਰ ਸਾਨੂੰ ਕਰਾਵੈ।। ਤਬ ਬੁਢੈ ਨੇ ਦੁਆਰਾ ਖੋਲਿਆ ਸ੍ਰੀ ਗੁਰੂ ਕੇ ਚਰਨ ਕੇ ਆਗੇ ਜਾਇ ਕੇ ਪੜੇ ਅਰ ਬਲਵੰਡ ਕੇ ਰਬਾਬ ਬਜਾਇਆ ਮਾਈ ਭਿਰਾਈ ਅਉਰ ਬੁਢਾ ਦਰਸਨ ਤੇ ਲਗੇ ਕਰਨ।। ਅਰ ਬਲਵੰਡ ਕੀਰਤਨ ਲਗਾ ਕਰਨ।। ਤਬ ਸ੍ਰੀ ਗੁਰੂ ਅੰਗਦ ਜੀ ਕੇ ਨੇਤਰਿ ਖੁਲੇ ਅਰ ਮੁਖ ਸੋ ਬਚਨ ਹੋਆ ਜੋ ਵਾਹੁ ਵਾਹੁ।। ਤਬ ਬੁਢੇ ਅਰਦਾਸ ਕੀਤੀ।। ਸਚੇ ਪਾਤਸਾਹ ਜਗਤਿ ਪਰ ਅੰਧਕਾਰ ਹੋਇ ਰਹਿਆ ਹੈ ਬਾਹਰ ਨਿਕਲੀਏ ਤਬ ਗੁਰੂ ਅੰਗਦ ਜੀ ਹਸੇ ਤਬ ਬੁਢੇ ਕਹਿਆ ਮਹਰਵਾਨ ਬਾਬੇ ਜੀ ਕਾ ਬਚਨ ਹੈ ਜਗਤਿ ਕੋ ਉਪਦੇਸ ਕਰਨਾ ਬਾਹਰ ਚਲੀਏ।। ਤਬ ਉਸੀ ਕਾਲ ਮੋ ਮਾਈ ਭਿਰਾਈ ਕਾ ਸਰੀਰ (16 ਓ)

ਛੁਟਾ।। ਸਿਸਕਾਰ ਕਰਕੇ ਗੁਰੂ ਜੀ ਬੁਢੇਕਉ ਆਗਿਆ ਕਹੀ।। ਬੁਢਿਆ ਕਹੜੀ ਜਾਗਾ ਚਲ ਕੇ ਬੈਠੀਏ।। ਤਬ ਬੁਢੇ ਆਖਿਆ ਮੇਹਰਵਾਨ ਜੋਗੀ ਕੀ ਜਗਾ ਹੈ ਖੇਹ ਕੇ ਉਪਰ ਉਥੇ ਚਲੀਏ ਬਹੁਤ ਏਕਾਂਤ ਹੈ।। ਤਬ ਗੁਰੂ ਜੀ ਕੀ ਆਗਿਆ ਹੋਈ ਚਲਣ ਕੀ ਸਭ ਉਥੇ ਆਈ।। ਗੁਰੂ ਜੀ ਸਿੰਘਾਸਨ ਪਰ ਅਰ ਬੈਠੇ ਬਲਵੰਡ ਰਬਾਬੀ ਸਬਦ ਕੀ ਚਉਲੀ ਕੀਆ।। ਸੰਤ ਸੰਗਤ ਕਰਸਨੋ ਆਈ।। ਬਡੇ ਅਨੰਦ ਮੰਗਲ ਹੂਏ ਜਗਤ ਕੇ ਉਧਾਰਨ ਹਾਰੇ ਨੇ ਅਪਨ ਪ੍ਰਗਾਸ ਕੀਆ।। ਬੋਲੋ ਵਾਹਿਗੁਰੂ।। ਸਾਖੀ ਹੋਰ ਚਲੀ।। ਸ੍ਰੀ ਗੁਰੂ ਜੀ ਨੇ ਆਗਿਆ ਕੀਤੀ ਬੁਢੋਕ ਭਾਈ ਬਾਣੀ ਗੁਰੂ ਜੀ ਕੀ ਜੋ ਹੋਈ ਹੈ ਸੋ ਸਭ ਸਿਰਜਾਦ ਸੋ ਲਿਖੀ ਚਾਹੀਐ ਇਤਨੇ ਬਿਚਾਰ ਸੋ ਸਾਹਿਬ ਬੈਠ ਰਹਿ ਕੀ ਭਾਈ ਬਾਲਾ ਸੰਧੂ ਗੁਰੂ ਜੀ ਕੇ ਦਰਸਨ ਕੋ ਅਹਨ ਪਹੁੰਚੇ ਅਰਦਾਸ ਕੀਤੀ।। ਸਚੇ ਪਾਤਸ਼ਾਹ ਸਤਿਗੁਰੂ ਦੇ ਦਰਸ਼ਨ ਕੋ ਖੋਜਤਾ ਖੋਜਤਾ ਅਜ ਮੈ ਬਡਭਾਗੀ ਹੋਇਆ ਹੋ ਅਰ ਗਰੀਬ ਨਿਵਾਜ ਲਾਲੋ ਬਾਬੇ ਜੀ ਏ ਦਾਚੇ ਨੇ ਬਡੀ ਸਾਰੀ ਬੇਨਤੀ ਕੀਤੀ ਹੈ ਰਾਤ ਦਿਨ ਸਾਹਿਬ ਕਾ ਧਿਆਨ ਧਰਤਾ ਹੈ ਅਰ ਜਬ ਜਪਦਾ ਹੈ ਅਰ ਮੈਨੂੰ ਪੰਜ ਪੈਸੇ ਅਰ ਨਰੀਏਲ ਦਿੱਤਾ ਸੁ ਸਚੇ ਪਾਤਸ਼ਾਹ ਇਹ ਨਰੀਏਲ ਅਰ ਪੰਜ ਪੈਸੇ।। ਇਆ ਲਾਲੋ ਨੇ ਭੇਟ ਦਿੱਤਾ ਤੇ ਸੁਨ ਭਾਈ ਬਾਲੇ ਜਾਇ ਸਭ ਭੇਟ ਰਖ ਕੇ ਮਥਾ ਟੇਕਾ।। ਤਬ ਗੁਰੂ ਜੀ ਨੇ ਭਾਈ ਬਾਲੇ ਕੋ ਖੁਸੀ ਕੀਤੀ

Digitized by Panjab Digital Library | www.panjabdigilib.org

ਅਰ ਆਖਿਆ ਭਾਈ ਬਾਲਾ ਭਲਾ ਕੀਤਾ ਤੂੰ ਆਇਆ।। ਅਸੀ ਬਾਣੀ ਲਿਖਣ ਲਗੇ ਥੇ ਤੈਨੂੰ ਉਡੀਕਦੇ ਥੇ ਤੂੰ ਬਾਬੇ ਜੀ ਕੇ ਸਾਥ ਬਹੁਤ ਦਿਸ ਭਰ ਫਿਰਿਆ ਹੈ। ਜੋ ਕੁਛ ਤੈਨੂੰ ਬਾਬੇ ਜੀ ਕਾ ਬਚਨ ਦਿੱਤਾ ਹੈ ਸੋ ਲਿਖਾਇਦੇ।। ਤਬ ਭਾਈ ਬਾਲੇ ਅਰਦਾਸ ਕੀਤੀ ਮਹਰਵਾਨ ਤੇਰੇ ਅਰ ਬਾਬੇ ਮੇ ਕੁਛ ਭੇਦ ਹੈ ਨਾਹੀ ਤੂੰ ਹੀ ਸਰਬਤ ਹੈ ਅਰ ਤੂ ਸਭ ਕੁਛ ਜਾਣਦਾ ਹੈ ਪਾਤਸਾਹ (16/ਅ)

ਮੈ ਤੈਨੂੰ ਪਛਾਨਤਾ ਹੈ ਤੂੰ ਆਪਣਿਆ ਸੇਵਕਾ ਕੋ ਆਪ ਬਛਾਈ ਦੇਦਾ ਹੈ ਤਬ ਗੁਰੂ ਜੀ ਆਗਿਆ ਕੀਤੀ ਜੋ ਕਾਗਦਿ ਲਿਆਵੋ ਕਲਮ ਦਵਾਤ ਮੰਗਾਈ।। ਅਰ ਸੁਲਤਾਨਪੁਰ ਮੇ ਏਕ ਬ੍ਰਹਮਣ ਗੁਰੂ ਜੀ ਕਾ ਮਿਲਾਪੀ ਥਾ।। ਸੋ ਪੰਡਿਤ ਤੀਥਾ ਸੋ ਉਸ ਕੋ ਭੀ ਸਾਹਿਬੋ ਨੇ ਬਲਾਇ ਭੇਜਾ।। ਜਬ ਪੰਡਤ ਆਇਆ ਤਬ ਆਗਿਆ ਹੋਈ ਜੋ ਤੇ ਪੰਡਤ ਟਾਕਰੇ ਅਖਰਾ ਕੋ ਬੇਦ ਛਰੀਕੀ ਮਾਣਾ ਲਗਾਵੋ ਜਬ ਪੰਡਤ ਨੇ ਮਾਣਾ ਲਗਾਈ ਤਬ ਸਾਹਿਬ ਬਹੁਤ ਪ੍ਰਸੰਨ ਭਏ ਤਬ ਆਗਿਆ ਹੋਈ ਜੋ ਇਨ ਆਛਰਾ ਕਾ ਨਾਮ ਗੁਰਮੁਖੀ ਰਖੋ ਅਰ ਸਭ ਬਾਣੀ ਸ੍ਰੀ ਮੁਖਬਾਨ ਬਾਬੇ ਜੀ ਨੇ ਅਰ ਗੁਰੂ ਅੰਗਦ ਜੀ ਨੇ ਬੀਸੋ ਸਭ ਹਜੂਰ ਮੋ ਬੈਠ ਕੇ ਲਿਖੀ ਪੋਥੀ ਤਿਆਰ ਹੋਈ।। ਸਾਖੀ ਪੂਰੀ ਹੋਈ।। ਬੋਲੋ ਵਾਹਿਗੁਰੂ।। ਆਗੇ ਸਾਖੀ ਹੋਰ ਚਲੀ।। ਸ੍ਰੀ ਗੁਰੂ ਸਾਹਿਬ ਜੀ ਨੇ ਸਹਜ ਸੁਭਾਓ ਮੈ ਦਿਨ ਰਾਤ ਕੀ ਬਰਤਨ ਐਸੀ ਜਗਤਿ ਥੀ ਜਬ ਪਹਰ ਰਾਤ ਕੀ [illegible] ਰਹਦੀ ਤਬ ਇਸਨਾਨ ਹੋਤਾ।। ਅਰ ਸਾਹਿਬ ਸਹਿਜ ਸਮਾਧ ਪੈ ਹੋਤੇ ਜਬ ਪ੍ਰਭਾਤ ਹੋਤੀ ਤਬ ਬਲਵੰਡ ਰਬਾਬੀ ਸਬਦ ਕੀ ਚਉਕੀ ਕਰਤਾ।। ਤਬ ਸਾਹਿਬ ਸਿੰਘਾਸਨ ਪਰ ਆਹਨ ਬੈਠਤੇ ਅਰ ਸਭਿ ਸਿਧ ਅਰ ਟਹਲੀਏ ਆਨ ਦਰਸਨ ਮੋ ਲਗਤੇ।। ਜਬ ਪਹਰ ਦਿਨ ਆਵਤਾ ਤਬ ਲੰਗਰ ਕੀ ਤਿਆਰੀ ਹੋਤੀ ਭਾਈ ਬੁਢਾ ਸਾਹਿਬ ਕੇ ਅਰਦਾਸ ਕਰਤਾ।। ਸਾਹਿਬ ਲੰਗਰ ਮੋ ਜਾਤੇ ਲੰਗ ਮੋ ਸਭ ਪ੍ਰਸਾਦਿ ਤਸਮਈ ਤੇ ਆ ਦਿਲੇ ਕਰ ਸਲੋਨਾ ਕੜਾਹ ਸਭ ਹੋਤੇ।। ਅਰ ਬਰਤਨ ਮਈ ਕਾ ਹੋਤਾ ਚਾਰ ਬਰਤਨ ਇਕਠੇ ਪਰਸਾਦ ਪਾਣ ਤੇ ਜਬ ਸਤਿਗੁਰੂ ਪ੍ਰਸਾਦਿ ਮਿਲਤਾ।। ਫਿਰ ਬਰਤਨ ਉਲਵਤੇ ਕਰ ਛੋਡ ਤੇ ਪਾਨੀ ਨਹੀ ਰਹਤਾ ਬਰਤਨ ਮੋ ਫਿਰ (17 ੳ)

Digitized by Panjab Digital Library | www.panjabdigilib.org

ਸਾਹਿਬ ਸਿੰਘਾਸਨ ਬਿਰਾਜਤੇ ਜਬ ਚਾਰ ਘੜੀ ਕੇ ਬਾਦ ਸੋਇ ਕਰ ਉਠਤੇ ਤਬ ਫਿਰ ਛੋਟੇ ਬਾਲਕੋ ਸੇ ਆਣ ਚਾਲ ਕੀ ਬਾਜੀ ਖੇਲੀਤੀ।। ਅਉਰ ਕੋਈ ਨਹੀ ਮੁਹ ਲਗਦਾ ਹਰ ਕੋਈ ਨੇੜੇ ਨਹੀ ਆਵਤਾ।। ਫਿਰਤੀ ਸਰੇ ਪਹਰ ਕਦੇ ਕਦੇ ਪਹਲਵਾਨੋ ਦੀ ਕੁਸਤੀ ਦੇਖਤੇ ਫੇਰ ਬਲਵੰਡ ਰਬਾਬੀ ਕੀ ਚਉਕੀ ਹੋਤੀ ਸਬਦ ਕੀ ਫਿਰ ਕਥਾ ਬਾਰਤਾ ਹੋਤੀ।। ਫਿਰ ਜਬ ਪਹਰ ਰਾਤ ਬਤੀਤ ਹੋਤੀ ਤਬ ਸਤਿਗੁਰੂ ਮੰਜ ਪਰ ਸੈਨ ਕਰਤੇ।। ਜਬ ਫਿਰ ਅੰਮ੍ਰਿਤ ਵੇਲੇ ਇਸਨਾਨ ਹੋਤਾ।। ਅਰ ਸਬਦ ਕੀ ਚਉਕੀ ਹੋ ਚੁਨਤੀ ਤਬ ਪ੍ਰਭਾਤ ਹੋਈ ਉਸ ਵਕਤ ਜੋ ਕੋਈ ਦੁਖੀਆ ਹੋਤਾ ਛੂਤ ਪ੍ਰੇਤ ਕੋਢੀ ਆਦਿ ਲੇਕਰ ਸੋ ਸਭ ਆਨ ਹਜੂਰ ਸੋ ਖੜਾ ਹੋਤਾ ਜਿਸ ਪਰ ਦ੍ਰਿਸਟ ਪਰਤੀ ਤਿਸਕਾ ਦਰਦ ਦੁਖ ਭੁਖ ਸਭ ਦੂਰ ਹੋਤਾ।। ਸੁਖੀ ਹੋਤਾ।। ਸਾਖੀ ਪੂਰੀ ਹੋਈ।। ਬੋਲੋ ਵਾਹਿਗੁਰੂ।। ਏਕ ਸਮੇਂ ਸਭ ਸਿਧ ਗੋਰਖ ਜੀ ਤੇ ਆਦ ਲੇਕਰ ਸਭ ਆਏ।। ਤਬ ਗੁਰੂ ਜੀ ਸੋ ਚਰਚਾ ਹੋਇਆ ਤਬ ਸਿਧਾ ਕਹਾ ਕੀ ਬਿਆਨ ਸਵਾਗ ਜੋਗ ਕੇ ਆਤਮਾ ਨਿਰਮਲ ਨਹੀ ਹੋਤਾ।। ਅਰ ਸਿਧ ਭੀ ਨਹੀ ਪ੍ਰਾਪਤ ਹੋਤੀ।। ਤਬ ਗੁਰੂ ਜੀ ਨੇ ਆਗਿਆ ਕੀਤੀ।। ਬਿਨਾ ਗਿਆਨ ਜੋਸ ਕੇ ਮੁਕਤਿ ਨਾਹੀ ਅਰ ਭੇਖ ਸੋ ਜਗਤ ਪਤਿਅਹਤਾ ਹੈ ਅਰ ਆਤਮਾ ਨਹੀ ਪਤੀਆਵਤਾ ਤਬ ਲਗ ਸਭ ਪਾਖੰਡ ਕਹਾਵੈ।। ਤਬ ਸਭ ਸਿਧਾ ਕਹਿਆ।। ਉਹ ਕਉਨ ਜੋਗ ਆਤਮਾ ਹੈ ਸੋ ਜੋਗ ਨ ਕਹੋ ਤਬ ਸਬਦ ਬੋਲਣ ਹੂਆ ਸੁਹੀ ਸਜੋਗ ਨਾ ਖਿੰਥਾ ਜੋਗਨ ਭੰਡੇ ਜੋਗਨ ਭਸਮ ਚਢਾਈਐ।। ਜੋਗ ਨਾ ਮੁੰਦੀ ਦਾ ਮੁੰਡਿ ਮੁੜਾਏ ਜੋਗ ਨਾ ਸਿੰਙੀ ਵਾਈਐ।। ਅੰਜਨ ਮਾਹ ਨਿਰੰਜਨ ਰਹੀਏ ਜੋਗ ਜੁਗਤ ਇਉ ਪਾਈਐ।। ੧।। ਬੁਰਾਵਲਾ ਗਲੀ ਜੋਗਨਾ ਹੋਈ ਇਕ ਦ੍ਰਿਸ਼ਟ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ।। ਰਹਾਉ ਜੋਗ ਨਾ ਬਾਹਰ ਮੜੀ ਮਸਾਣੀ ਜੋਗਨਾ ਤਾੜੀ ਲਾਈਐ (17 ਅ)

ਜੋਗ ਨ ਦੇਸ ਦਸੰਤਰਿ ਭਵਿਐ ਜੋਗ ਨ ਤੀਰਥ ਨਾਈਐ।। ਅੰਜਨ ਮਹਿ ਨਰੰਜੰਨਿ ਰਹੀਏ ਜੋਗ ਜਗਤਿ ਇਉ ਪਾਈਐ।। ਸਤਿਗੁਰੂ ਭੇਟੇ

Digitized by Panjab Digital Library | www.panjabdigilib.org

ਸਹਸਾ ਤੂਟੈ ਧਾਵਤੁ ਵਰਜ ਰਹਾਈਐ।। ਨਿਝਰੁ ਝਰੈ ਸਹਿਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ਅਨਿਨ ਮਹਿ ਨਿਰੰਜਨ ਰਹੀਏ ਜੋਗ ਜੁਗਤਿ ਇਉ ਪਾਈਐ ਨਾਨਕ ਜੀਵਤਿਆ ਮਰ ਰਹੀਐ ਐਸਾ ਜੋਗ ਕਮਾਈਐ।। ਵਾਜੇ ਬਾਝਹੁ ਸਿੰਙੀ ਵਾਜੇ ਤਉ ਨਿਰਭਉ ਪਦ ਪਾਈਐ।। ਅੰਜਨ ਮਹਿ ਨਿਰੰਜਨ ਰਹੀਏ ਜੋਗ ਜੁਗਤਿ ਤਉ ਪਾਈਐ।।੧।। ਤਬ ਸਿਧੋ ਨੇ ਨਮਸਕਾਰੀਆ।। ਅਰ ਕਹਾ ਕੀ ਤੂੰ ਵਹੀ ਪੁਰਖ ਹੈ ਕੁਛ ਭੇਦ ਨਹੀ ਇਅਹ ਕਹਿ ਕਰ ਸਿਧ ਏਕ ਅਗੋਚਰ ਹੂਏ ਸਾਖੀ ਪੂਰੀ ਹੋਈ।। ਬੋਲੋ ਵਾਹਿਗੁਰੂ।। ਸਾਖੀ ਹੋਰ ਚਲੀ।। ਏਕ ਸਮੈਂ ਭਾਈ ਬੂਢੇ ਰਾਇ ਬਲਵੰਡ ਨੂੰ ਆਖਿਆ ਸਬਦ ਮੈਨੂੰ ਸੁਨਾਉ ਬਲਵੰਡ ਆਖਿਆ ਭਾਈ ਬੁਢਿਆ ਵਖਤ ਪਰ ਚਉਕੀ ਦੇ ਹਜੂਰ ਸੇ ਪੜਾਂਗਾ ਤਬ ਸੁਨਿ ਉਨਾ ਵਖਤ ਮੈ ਕਿਸ ਕਿਸ ਦੇ ਅਗੇ ਸਬਦ ਪਢਾ।। ਤਬ ਬੂਢਾ ਮਨ ਚੰਗ ਹੋਕਰ ਚੁਪ ਹੋ ਰਹਿਆ ਫੇਰ ਗੁਰੂ ਜੀ ਜਬ ਸਿੰਘਾਸਨ ਪਰ ਅਹਨ ਬੈਠੇ ਤਬ ਬਲਵੰਡ ਰਬਾਬ ਲੇਕਰ ਚਉਕੀ ਕੋ ਸਨਮੁਖ ਆਨ ਬੈਠਾ।। ਤਬ ਲਗਾ ਸਬਦ ਪਢਨੈ ਤਬ ਸਤਿਗੁਰੂ ਪਿਠਦੇ ਕਰ ਬੈਠੇ।। ਫੇਰ ਬਲਵੰਡ ਸਨਮੁਖ ਜਾਇ ਬੈਠਾ ਫਿਰ ਗੁਰੂ ਜੀ ਪਿਠ ਕਰ ਬੈਠੇ।। ਤਬ ਬਲਵੰਡ ਹੰਕਾਰ ਕਰਕੇ ਮਨ ਮੋਖੜਾ ਹੂਆ।। ਆਖਿਉਸੁ ਮੇਹਰਵਾਨ ਸਬਦ ਕਿਉ ਨਹੀ ਸੁਣਤੇ ਤਬ ਆਗਿਆ ਹੋਈ ਜਦ ਬੂਢੇ ਵਿਚ ਅਸੀ ਸੁਨਦੇ ਤਦ ਤੂੰ ਨਾ ਸੁਨਾਇਆ ਅਬ ਬੇਲਾ ਨਾਹੀ ਤਬ ਬਲਵੰਡ ਆਖਿਆ ਮਹਰਵਾਨ ਬਾਬੇ ਦੀ ਬਾਨੀਐ ਤੁਸਾਡੇ ਅਗੇ ਗਾਵਦਾ ਹਾ ਹੋਰ ਕਿਸੇ ਅਗੇ ਮੈ ਨਹੀ ਗਾਵਦਾ ਤਬ ਗੁਰੂ ਜੀ ਚੁਪ ਹੋ ਰਹੇ ਤਬ ਬਲਵੰਡ ਹੰਕਾਰ ਕਰਕੇ ਉਠ ਚਲਿਆ ਇਤਨਾ ਕਹਿ ਗਇਆ ਸਾਡੇ ਪਾਸ ਬਾਬੇ ਦੀ ਬਾਨੀ ਹੈ ਅਸੀ ਹੋਰ ਦੁਆਰਾ ਮੰਗ ਖਾਹਿਗੇ ਬਲਵੰਡ ਚਲਦਾ ਰਹਿਆ।।

ਬਲਵੰਡ ਜਿਥੇ ਜਾਇ ਤਿਥੇ ਕੋਈ ਚੀਨੈ ਨਹੀ ਕੋਈ ਸਦੇ ਨਹੀ।। ਬਹੁਤ ਦੁਖਤ ਹੂਆ ਅੰਨ ਪ੍ਰਾਪਤ ਨਾ ਹੋਵੈ।। ਅਉਰ ਸਤਿਗੁਰੂ ਕੇ ਮੀਰਜਾਦੇ ਕਉ ਤੂੰ ਚਉਕੀ ਕਰ ਤਬ ਉਸ ਆਖਿਆ ਮੈ ਬਾਣੀ ਨਹੀ ਜਾਣਦਾ ਤਬ ਆਗਿਆ ਹੋਈ ਤੂੰ ਰਬਾਬ ਪਕਰ ਕੇ ਬੈਠੁ ਮੇਰੋ

Digitized by Panjab Digital Library | www.panjabdigilib.org

ਬਚਨ ਕਰਕੇ ਤੇਰੇ ਮਨ ਮੋ ਬਾਣੀ ਕਾ ਪ੍ਰਕਾਸ ਹੋਵੈਗਾ।। ਤਬ ਮੀਰਜਾਦਾ ਰਬਾਬ ਲੈਕਰ ਗੁਰੂ ਕੇ ਬਚਨ ਕਰਕੇ ਬਾਣੀ ਪ੍ਰਕਾਸ਼ ਹੂਏ ਚਉਕੀ ਕੀਆ ਗੁਰੂ ਜੀ ਕੀ ਖੁਸੀ ਹੋਏ।। ਬਲਵੰਡ ਕੋ ਪੰਜ ਦਿਨ ਪੰਜ ਰਾਤ ਗੁਦਰੀ ਅੰਨ ਪ੍ਰਾਪਤ ਨਹੀ ਹੋਇਆ ਨਾ ਕਿਸੀ ਪਛਾਨਾ ਸਰੀਰ ਬਿਗਰ ਗਇਆ।। ਛੇਵੇਂ ਦਿਨ ਬਹੁਤ ਦੁਖਤ ਹੋਕਰ ਆਇਆ ਸ੍ਰੀ ਗੁਰੂ ਜੀ ਕੇ ਗਿਰਦੇ ਫਿਰੇ ਅਰ ਪੁਕਾਰ ਕਰੇ ਅਰ ਬਹੁਤ ਬਿਰਲਾਪ ਕਰੇ।। ਤਬ ਸਿੱਖ ਅਰਦਾਸ ਕੀਤੀ ਮੇਹਰਵਾਨ ਬਲਵੰਡ ਬਹੁਤ ਦੁਖਤ ਹੂਆ ਹੈ ਸਰੀਰ ਬਿਗਰ ਗਇਆ ਹੈ ਉਸ ਪਰ ਕਿਰਪਾ ਕਰੀਏ।। ਤਬ ਆਗਿਆ ਹੋਏ ਬਲਵੰਡ ਕੋ ਲੇ ਆਏ ਗੁਰੂ ਜੀ ਦੇ ਚਰਨਾ ਉਪਰਿ ਪਾਇਆ ਤਬ ਬਲਵੰਡ ਅਰਦਾਸ ਕੀਤੀ।। ਮੇਹਰਵਾਨ ਮੈ ਬੜਾ ਪਾਪੀ ਹਾ ਮੈਨੂੰ ਕ੍ਰਿਪਾ ਕਰਕੇ ਬਖਸੀਏ।। ਤਬ ਗੁਰੂ ਜੀ ਕੇ ਘਰ ਆਏ ਤਬ ਆਗਿਆ ਹੋਏ ਕੁਛ ਉਸਤਤ ਕਰ ਤਬ ਬਲਵੰਡ ਆਖਿਆ ਮੇਹਰਵਾਨ ਮੇਰੇ ਪਾਸੋ ਕੁਛ ਨਹੀ ਹੋਦਾ ਮੈ ਬੜਾ ਗੁਨਹਗਾਰ ਹਾ ਆਗਿਆ ਹੋਏ ਮੇਰੇ ਬਚਨ ਕਰਕੇ ਤੂੰ ਉਸਤਤ ਕਰਿ ਤਬ ਬਲਵੰਡ ਨੇ ਟਿਕੇ ਕੀ ਵਾਰ ਆਖੀ।। ਤਬ ਗੁਰੂ ਜੀ ਕੀ ਖੁਸ਼ੀ ਹੋਏ।। ਤਬ ਬਲਵੰਡ ਨੇ ਘਟ ਮੇਬਾਨੀ ਕਾ ਨਿਵਾਸ ਹੋਆ। ਬਲਵੰਡ ਕੋ ਲੰਗਰ ਕੇ ਪ੍ਰਸਾਦਿ ਕੀਆ ਗਿਆ ਹੋਏ ਚਉਕੀ ਸਬਦ ਕੀ ਸੋ ਹਾਜਰ ੴ ਹੋਅ ਬਗਲ ਹੂਆ। ਸਾਖੀ ਪੂਰਨ ਹੋਏ।। ਬੋਲੋ ਵਾਹਿਗੁਰੂ।। ਸਾਖੀ ਹੋਰ ਚਲੀ।। ਏਕ ਟਹਲੀਆ ਥਾ।। ਗੁਰੂ ਜੀ ਨੇ ਅਉਰ ਸਭ ਸਿਖਾ ਕੋ ਟਹਲ ਕੀ ਆਗਿਆ ਦੀ ਉਸਕੋ ਕਬਤੀ ਟਹਲ ਕੀ ਆਗਿਆ ਨਾ ਹੋਵੈ ਏਕ ਸਮੇ ਅਰਦਾਸ ਕੀਆ ਬਾਰੰਬਾਰ ਜੋ ਮੁਝ ਕੋ ਭੀ ਕੁਛ ਟਹਲ ਆਖੀਏ ਤਬ ਬਚਨ ਕੀਆ ਆਗਿ (18 ਅ)

ਪੈ ਸੜ।। ਤਬ ਬਚਨ ਮਨਾ ਕੇ ਸੜਨੇ ਗਇਆ ਉਜਾੜ ਵਿਚ ਜਾਇ ਕਰ ਲਕੜੀ ਇਕੱਠੀ ਕਰੀ।। ਲਗਾ ਜਲਣ ਜਬ ਆਗ ਕੀਆਂਦ ਲਗੇ ਤਬ ਜੁਦਾ ਹੋ ਜਾਏ ਮਾਰੇ ਅਗਨ ਦੀ ਦਹਸਤ ਕੇ ਜਲਨਾ ਸਕੇ ਕਿਤਨੇ ਕਿਤਨੇ ਦਿਨ ਇਸ ਤਰ੍ਹਾ ਕਰਤਾ ਰਹਾ।। ਤਬ ਇਕ ਦਿਨ ਚੋਹਰਾਜਦਾ ਮਾਲ ਬਹੁਤ ਚੁਰਾਇ ਕਰ ਉਸੀ ਜਗਾਹ ਜਾਇ ਕੇ ਸਬ ਚੋਰ ਬਾਟਨੇ ਲਗੇ ਤਬ ਸਭ ਚੋਰ ਤੋ ਮਾਲ ਲੇਨੇ ਚਲੇ ਗਏ ਇਕ ਚੋਰ ਰਹਿ ਗਇਆ ਤਬ ਉਸਨੇ ਪੁਛਾ ਕੀ

Digitized by Panjab Digital Library | www.panjabdigilib.org

ਭਾਣੇ ਤੂੰ ਕਿਆ ਕਰਦਾ ਹੈ ਤਬ ਉਸ ਸਿਖ ਨੇ ਕਹਾ ਕੀ ਮੁਝ ਕੋ ਗੁਰੂ ਜੀ ਕੀ ਆਗਿਆ ਹੈ ਮੈ ਬਚਨ ਸੋ ਚਲਦਾ ਹਾ ਪਰ ਮੇਰੇ ਬੂਤੇ ਜਲਾ ਨਹੀ ਜਾਦਾ।। ਤਬ ਚੋਰ ਨੇ ਕਹਾ ਕੀ ਗੁਰੂ ਜੀ ਕਾ ਬਚਨ ਮੈਨੂੰ ਦੇਹ ਤੇ ਮਾਲ ਮੋਥੋਂ ਲੈ ਤਬ ਚੋਰ ਨੇ ਹਵਾਲੇ ਕੀਆ ਅਰ ਬਚਨ ਗੁਰੂ ਜੀ ਕਾ ਮਾਲ ਦੇਕਰ ਲੀਆ।। ਸਿਖ ਤੋ ਮਾਲ ਲੈਕਰ ਚਲਾ ਆਗੇ ਅਰ ਚੋਰ ਬਚਨ ਲੈ ਕੇ ਚਿਖਾ ਤੇ ਚੜ ਕੇ ਜਲਾ।। ਆਗੇ ਤੇ ਬਬਾਨ ਆਏ ਬੈਕੁੰਠ ਕੋ ਲੇਕੇ ਪਰਮੇਸਰ ਕੋ ਲਗ ਚਲੇ ਗਏ ਚੋਰ ਕੀ ਮੁਕਤ ਭਈ ਬਚਨ ਕੇ ਸਦਕੇ ਸੋ ਅਰ ਸਿੱਖ ਜਬ ਚਲਾ ਤਬ ਆਗੇ ਤੇ ਰਾਜਾ ਕੇ ਲੱਗ ਉਸ ਸਿੱਖ ਕੋ ਮਾਲ [illegible] ਸਮੇਤ ਪਕੜਾ ਬਹੁਤ ਮਾਰ ਦੀਆ।। ਰਾਜਾ ਕੇ [illegible] ਪਾਸ ਲੈ ਗਏ ਤਬ ਹੁਕਮ ਰਾਜੇ ਨੇ ਕੀਅ ਕੀ ਇਸਕੋ ਫਾਂਸੀ ਦੇਉ।। ਤਬ ਸਿਖ ਨੇ ਕਹਾ ਕੀ ਮੈ ਚੋਰ ਨਹੀਂ ਹਉ ਮੈਂ ਸਿੱਖ ਹਉ ਉਸਨੇ ਸਭ ਕਥਾ ਸੁਨਾਇ ਦਿੱਤੀ।। ਤਬ ਰਾਜ ਉਹ ਭੀ ਬੇਜਾਰ ਭਇਅ ਕੀ ਇਸਨੇ ਗੁਰੂ ਕਾ ਬਚਨ ਫੇਰਾ ਹੈ ਇਸਨੋ ਬਿਚ ਉਜਾੜ ਕੇ ਗਰਦਨ ਮਾਰੋ।। ਤਬ ਸਿਖ ਦੀ ਗਰਦਨ ਮਾਰੀ ਗਈ ਬਚਨ ਕੇ ਫੇਰ ਕੇ ਸਦ ਕੇ ਸੋ ਅਰ ਚੋਰ ਕੋ ਬੈਕੁਠ ਪ੍ਰਾਪਤ ਭਇਆਬਚਨ ਮਨੇ ਕੇ ਸਦਕੇ ਸੇ ਗੁਰੂ ਕੀ ਆਗਿਆ ਐਸੀ ਹੈ ਸਾਖੀ ਪੂਰੀ ਹੋਈ।। ਬੋਲੋ ਵਾਹਿਗੁਰੂ।। ਸਾਖੀ ਹੋਰ ਚਲੀ।। ਏਕ ਦਿਨ ਸਾਹਿਬ ਸਿੰਘਾਸਨ ਪਰ ਬੈਠ ਕੇ ਦੀਵਾਨ ਕਾ ਵਖਤ ਥਾ।। ਤਦ ਏਕ ਜਿਮੀਦਾਰ ਖਡੂਰਕਾ ਸਰਦਾਰ ਸਾ ਹਜੂਰ ਨੋ ਅਰਦਾਸ ਕੀਤੀ।। ਸਚੇ ਪਾਤਸ਼ਾਹ ਮੈਨੂੰ ਮਿਰਗੀ ਰੋਗ ਹੈ (19ਓ)

ਐ ਜਤਨ ਕਰ ਰਿਹਾ ਦੂਰ ਨਹੀ ਹੋਦੀ।। ਤੁਸੀ ਬਚਨ ਕਰੋ ਤਬ ਦੂਰ ਹੋਵੈ ਤਬ ਬਚਨ ਹੂਆ।। ਤੂ ਮਦ ਪਾਨ ਕਰਦਾ ਹੈ ਤੂੰ ਅਦ ਛੱਡ ਦੇ ਅਸੀ ਤੇਰੀ ਮਿਰਗੀ ਨੂੰ ਪੂਟੇ ਨਾਲ ਬੰਸੇਗੇ।। ਉਸ ਆਖਿਐ ਮੈ ਮਦ ਨਾ ਪੀਆਗਾ।। ਬਚਨ ਹੂਆ ਤੈਨੂੰ ਮਿਰਗੀ ਨਾ ਹੋਵੈਗੀ ਜਬ ਪੀਐਗਾ ਤੋ ਫਿਰ ਆਵੈਗੀ।। ਬਹੁਤ ਮੁਦਤ ਉਸ ਨੇ ਮਦ ਨਾ ਪੀਤਾ ਅਰੋਗ ਰਹਿਆ।। ਇਕ ਦਿਨ ਉਸਠੇ ਮਨ ਮੋ ਆਇ ਗਈ ਜੋ ਮਦੂ ਪੀਚੇ ਤਬ ਮਦ ਪੀ ਕੇ ਬਡੇ ਉਚੀ ਅਟਾਰੀ ਪਰ ਚਢਿ ਕੇ ਪੁਕਾਰਿਆ ਹੇ ਤਮਾ ਜੀ ਅਸਾ ਪੀਤਾ ਹੀ ਤਬ ਬਚਨ ਭਇਆ ਅਸਾ

Digitized by Panjab Digital Library | www.panjabdigilib.org

ਖੁਏ ਸੇ ਛਡੀ ਤਬ ਉਹ ਅਟਾਰੀ ਪਰਸੋ ਗਿਰਿਆ ਸੋ ਚਕਨਾ ਚੂਰ ਹੋਇ ਮਰ ਗਇਆ।।
ਬੋਲੋ ਵਾਹਿਗੁਰੂ। ਸਾਖੀ ਪੂਰੀ ਹੋਈ।। ਸਾਖੀ ਹੋਰ ਚਲੀ।। ਏਕ ਦਿਨ ਸਾਹਿਬ
ਜੰਗਲ ਵਿਚ ਲੜਕਿਆਂ ਦੇ ਸਾਥ ਅਨ ਚਾਲ ਖੇਲ ਕੇਖੇ ਤਬ ਹਮਾਓ ਪਾਤਸਾਹ ਸ਼ੇਰਸਾਹ
ਸੋ ਭਾਗ ਜਾਤਾ ਥਾ ਅਪਨਿਆ ਅਮੀਰਾ ਸੋ ਪੁਛਾ ਕੋਈ ਐਸਾ ਫਕੀਰ ਕਾਬਲ ਹੋਵੈ
ਜਿਸ ਦੀ ਦਵਾ ਸੋ ਮੇਰੀ ਪਾਤਸ਼ਾਹੀ ਫੇਰ ਹੋਵੈ ਤਬ ਲੋਕੋ ਕਹਿਆ ਜੋ ਬਾਬਾ ਅੰਗਦ
ਜੀ ਬਾਬਾ ਨਾਨਕ ਕੀ ਜਗਾਹ ਹਨ ਉਨ ਸੋ ਦੁਆ ਲੀਜੀਏ ਤਬ ਪਾਦਸਾਹ ਹਮਾਉ ਦਰਸਨ
ਕੋ ਚਲਾ ਜਹਾ ਸਾਹਿਬ ਲੜਕਿਓ ਸੋ ਖੇਲਤੇ ਥੇ ਤਾ ਆਇ ਕੋਇ ਘੜੀ/ਖੜਾ ਰਹਾ
ਸਾਹਿਬ ਲੜਕਿਉ ਸੇ ਪਰਚੇ ਰਹੇ ਹਮਾਉ ਕੀ ਤਰਫ ਵਾਕਿਓ ਨਹੀ ਤਬ ਹਮਾਉ ਨੇ ਮਨ
ਮੋ ਹੰਕਾਰ ਆਇਆ ਮਨ ਮੇ ਕੋਪ ਕਰਕੇ ਤਲਵਾਰ ਪਰ ਹਾਥ ਰੱਖਾ।। ਤਬ ਸਾਹਿਬ ਨੇ
ਦੇਖਾ ਹਾਥ ਤਲਵਾਰ ਸੋ ਬਣ ਗਏ ਅਉਰ ਖੰਡ ਕੇ ਖੰਡ ਰਹੇ ਤਬ ਸਾਹਿਬ ਨੇ ਕਹਾ ਭਾਈ
ਖੁਲਾਲਾ ਤਲਵਾਰ ਸੇਰ ਸਾਹ ਪਰ ਕਫਨੀ ਸੀ ਕਿ ਅਸਾ ਉਪਰਿ।। ਤਬ ਹਮਾਉ ਨੇ
ਕਹਾ ਕੀ ਮੇਰੇ ਸੋਚੁਨ ਭੁਲ ਹੋਈ ਹੈ ਮੇਰੇ ਪਰ ਮੇਹਰ ਹੋਵੈ ਤਬ ਆਗਿਆ ਹੋਈ ਤੇਰੀ
ਪਾਤਸਾਹੀ ਅਜੇ ਹੋਦੀ।। ਪਰ ਤੂ ਅਬ ਜਾ ਫੇਰ ਬਿਲਾਇਤ ਤੋ ਫਿਰ ਕੈ ਆਉ।। (19ਅ)

ਤੇਰੀ ਪਾਤਸਾਹੀ ਹੋਵੈਗੀ।। ਤਬ ਹਮਾਉ ਸਲਾਮ ਕਰਕੇ ਗਾਇਆ ਬਲਾਇਤ ਕੋ।।
ਜਬ ਫਿਰ ਆਇਆ ਤਬ ਪਾਤਸਾਹੀ ਹੋਈ ਬਚਨ ਕੇ ਸਦਕੇ ਸੇ।। ਬੋਲੋ ਵਾਹਿਗੁਰੂ
ਸਾਖੀ ਹੋਰ ਚਲੀ।। ਸ੍ਰੀ ਗੁਰੂ ਅਮਰਦਾਸ ਜੀ ਬਾਸਰਕੀ ਮੇ ਵਤਨ ਗਾਓ ਗਏ ਥਾ।।
ਗਾਉ ਘਰ ਕਾ ਥਾ।। ਗੁਰੂ ਜੀ ਕੇ ਚਾਰ ਭਾਈ ਥੇ ਸੋ ਅਪਨ ਬਿਉਹਾਰ ਕਰਤੇ ਥੇ
ਗਾਉ ਕਾ ਖੇਤੀ ਪਤੀ ਅਰ ਗੁਰੂ ਅਮਰ ਜੀ ਗੰਗਾ ਜੀ ਕੀ ਜਾਣਾ ਹਮੇਸਾ ਕਰਤੇ ਥੇ।।
ਅਉਰ ਦੂਸਰਾ ਬਿਉਹਾਰ ਨਹੀ ਜਾਨਤੇ ਥੇ ਅਰ ਸਰਬਦਾ ਏਕਾਤ ਰਤਤ ਥੇ ਅਰ ਦੋਇ
ਬੇਟੀ ਔਲਾਦ ਥੀ।। ਏਕ ਸੋਡੀ ਕੇ ਘਰ ਬਿਆਹੀ ਥੀ ਏਕ ਸੁੜੀ ਖਡੀ ਕੇ ਅਰ ਥੀ।।
ਅਰ ਸਾਹਿਬ ਬ੍ਰਹਮ ਚਰਜ ਅਵਸਥਾ ਮੇ ਰਹਤੇ ਥੇ ਏਕ ਸਮੇਂ ਸਾਹਿਬ ਗੰਗਾ ਜੀ ਕੋ ਗਏ
ਜਬ ਗੰਗਾ ਜੀ ਕਾ ਜਾਣਾ ਕਰਕੇ ਫਿਰ ਆਏ ਤੋ ਰਾਹ ਮੋ ਆਏ ਤਬ ਏਕ ਗਾਉ ਮਿਠੜਾ
ਥਾ।। ਤਿਸ ਮੋ ਦੁਰਗੋ ਨਾਮੇ ਸਾਰਸੁਤ ਭੈਭੀ ਉਸ ਗਉ ਮੈਂ ਰਹਤੇ ਥੇ। ਉਨ ਕੇ ਘਰ ਮੋ

Digitized by Panjab Digital Library | www.panjabdigilib.org

ਸਾਹਿਬ ਆਨ ਕੇ ਰਹੇ ਜਬ ਆਏ ਤਬ ਘਾਣ ਤੇ ਮੋਇ ਰਹੇ ਤਬ ਦੁਰਗੋ ਭੰਭੀ ਕੀ
ਨਜ਼ਰ ਪੈਰਾ ਉਪਰਿ ਪੜੀ ਪੈਰੋ ਮੈਂ ਪਦਮ ਕਾ ਚਿਹਨ ਦੇਖਾ ਤਬ ਦੁਰਗੋ ਨੇ ਮਨ
ਮੋ ਬਿਚਾਰ ਕੀਆ ਏਹ ਕੋਈ ਅਵਤਾਰ ਹੋਇਆ ਰਾਜਾ ਰਿਹਿਆ ਚਕਰਵਤੀ ।।
ਤਬ ਸਾਹਿਬ ਜਬ ਜਾਗੇ ਤਬ ਤਿਆਰ ਹੋ ਕਰ ਘਰ ਕੋ ਚਲੇ ਤਬ ਦੁਰਗੋ ਭੰਭੀ ਗੁਖਿੰਦਾ
ਹੋਨੇ ਲਗੇ ਤਬ ਦੁਰਗੋ ਨੇ ਕਹਾ ਜੋ ਹਮ ਮੰਗੇਗੇ ਸੋ ਮਿਲੇਗਾ ਤਬ ਸਾਹਿਬ ਕਹਿਆ
ਜੋ ਹਮਾਰੇ ਪਾਸ ਹੋਵੈਗਾ ਸੋ ਦੇਵੈਗਾ ਤਬ ਦੁਰਗੇ ਕਹਿਆ ਜੋ [illegible] ਤੁਮਾਰੀ ਨਿਭਉ ਹੋਇ ਤਬ ਜੋ ਹਮ ਮਾਂਗੇਗੇ ਮੋ ਤੁਮ ਦੇਨਾ।। ਤਬ ਬਚਨ ਹੋਇਆ।।
ਜੋ ਦੇਹਗੇ ਤਬ ਘਰ ਕੋ ਚਲੇ।। ਕੋਈ ਦਿਨ ਮੋ ਘਰ ਆ ਪਹੁੰਚੇ ਏਕ ਬ੍ਰਹਮਚਾਰੀ
ਸਾਥ ਥਾ ਜਬ ਰਾਤ ਪਰੀ ਤਬ ਬ੍ਰਹਮਚਾਰੀ ਕੋ ਰਸੋਈ ਕੋ ਪੂਛਾ ਤਬ ਬ੍ਰਹਮਚਾਰੀ ਨੇ
ਪੂਛਾ (20 ੳ)

ਤੁਮਾਰਾ ਗੁਰੂ ਘਰ ਕਵਣ ਹੈ ਤਬ ਸਾਹਿਬ ਨੇ ਕਹਾ ਕੀ ਅਬ ਤਕ ਗੰਗਾ ਕੀ ਸੇਵਾ
ਕੀਆ ਹੈ।। ਗੁਰੂ ਕੀ ਤਲਾਸ ਕੋ ਫਿਰਤੇ ਹੈ।। ਤਬ ਬ੍ਰਹਮਚਾਰੀ ਕਹਾ ਹਮ ਤੁਮਾਰੇ
ਘਰ ਕਾ ਅੰਨ ਨਾ ਖਾਹਿਗੇ।। ਤਮ ਗੁਰੂ ਕਰੋ ਤਬ ਅੰਨ ਖਾਹਿਗੇ।। ਤਬ ਸਾਹਿਬ ਨੇ
ਬ੍ਰਹਮਚਾਰੀ ਕੋ ਬਿਦਾ ਕੀ ਅਰ ਉਪਰ ਸੰਗਿਤ ਪਰੀ ਗੁਰ ਕੀ ਚਿਤ ਮਨ ਮਨ ਬਿਖੈ
ਲਗ ਰਹੀ।। ਕੁਛ ਪ੍ਰਸਾਦਿ ਨਾ ਕੀਆ ਅਰ ਨਾ ਰਾਤ ਕੋ ਸੋਏ ਬੀਬੀ ਅਮਰੋ ਸ੍ਰੀ ਗੁਰੂ
ਅੰਗਦ ਜੀ ਦੀ ਬੇਟੀ ਗੁਰੂ ਅਮਰ ਜੀ ਨੇ ਭਤੀਜੇ ਕੋ ਬਿਆਹੀ।। ਜਬ ਪਹਰ ਰਾਤ ਰਹੀ
ਥੀ ਤਬ ਬੀਬੀ ਅਮਰੋ ਅਸਨਾਨ ਕਰਕੇ ਬਾਣੀ ਪਾਠ ਕਰਦੇ ਸੇ ਘਰਦਾ ਧੰਧਾ ਹਾਥੋ
ਸੇ ਕਰਤੇ ਥੇ।। ਜਬ ਬੀਬੀ ਅਮਰੋ ਬਾਣੀ ਪਢਣ ਲਗੀ ਤਬ ਸਾਹਿਬ ਬੈਠੇ ਕੇ ਅਤ ਬਡੀ
ਚਿਤਵਨਾ ਮੋ ਥੇ ਤਬ ਬੀਬੀ ਬਾਣੀ ਪਢੀ।। ਤਬ ਸਾਹਿਬ ਨੇ ਸੁਨਾ ਏਹ ਸਬਦ ਬੀਬੀ
ਜੀ ਪਢਤੀ ਥੀ।। ਸਬਦ ਕਰਣੀ ਕਾਗਦ ਮਨ ਮਸਾਵਾਣੀ ਭਲਾ ਬੁਰਾ ਦੁਇ ਲੇਖ ਗਏ।।
ਜਿਉ ਜਿਉ ਕਿਰਤ ਚਲਾਏ ਤਿਉ ਚਲਨਾ ਤਉ ਗੁਨਗਾਹੀ ਸੰਤ ਹਰੇ ਚਿਤ ਦੇਤਸ ਕੀਨਾ
ਹੀ ਹੀ ਬਾਵਰਿਆ, ਹਰਿ ਬਿਸਰਤ ਤੇਰੇ ਗੁਨਛਲਿਆ।।੧।। ਰਹਾਉ ਜਾਲੀ ਰੈਨ

Digitized by Panjab Digital Library | www.panjabdigilib.org

22 ਜਾਤਾਂ ਦੇ ਖਤ੍ਰੀਆਂ ਦਾ ਵੱਸਣ ਦੀ ਸੂਚਨਾ ਵੀ ਇਸ ਵਿਚ ਪ੍ਰਾਪਤ ਹੈ[22]। ਖਤ੍ਰੀਆਂ ਦੀਆਂ 22 ਗੋਤਾਂ ਦੇ ਨਾਂ ਏਥੇ ਨਹੀਂ ਦਿੱਤੇ ਹੋਏ। ਉਂਜ ਖੱਤ੍ਰੀਆਂ ਦੀਆਂ 92 ਗੋਤਾਂ ਜ਼ਰੂਰ ਹਨ[23]। ਹੋ ਸਕਦਾ ਹੈ ਕਿ ਏਥੇ 22 ਅੰਕੜਾ ਬਾਈਧਾਰ, ਬਾਈ ਮੰਜੀਆਂ ਤੇ ਬਾਈ ਸੂਬਿਆਂ ਵਾਂਗ ਰਵਾਇਤੀ ਅਰਥ ਦਾ ਧਾਰਨੀ ਹੋਵੇ।

ਇਉਂ 'ਮਹਿਮਾ ਪ੍ਰਕਾਸ਼ ਵਾਰਤਕ ਗ੍ਰੰਥ' 'ਮਹਿਮਾ ਪ੍ਰਕਾਸ਼' ਦੀ ਵਿਸ਼ੇਸ਼ ਭੱਲਾ-ਪਰੰਪਰਾ ਨਾਲ ਸੰਬੰਧਿਤ ਹੈ। ਇਸ ਦੀਆਂ ਸਾਖੀਆਂ ਬਹੁਤ ਹੱਦ ਤੱਕ ਉਸ ਨਾਲ ਮਿਲਦੀਆਂ ਹਨ। ਇਸ ਵਿਚ ਕੁੱਝ ਨਵੀਆਂ ਸਾਖੀਆਂ ਵੀ ਹਨ ਤੇ ਕੁੱਝ ਵਿਲੱਖਣ ਸੂਚਨਾ ਵੀ ਮਿਲਦੀ ਹੈ। ਗੁਰੂ ਅਮਰਦਾਸ ਦੀ ਜਨਮ-ਮਿਤੀ ਸੰਬੰਧੀ ਇਸ ਵਿਚ ਦਿੱਤੀ ਸੂਚਨਾ ਵਿਚ ਸ੍ਵਿਰੋਧ ਹੈ ਅਤੇ ਉਹ ਹੋਰ ਕਿਸੇ ਵੀ ਰਚਨਾ ਵਿਚ ਨਹੀਂ ਆਈ। ਭੱਲਾ ਵੰਸ਼ ਨਾਲ, ਇਸ ਗ੍ਰੰਥ ਦੇ ਕਰਤਾ ਦਾ ਸਰੂਪ ਦਾਸ ਭੱਲਾ ਨਾਲੋਂ ਵਧੇਰੇ ਲਗਾਉ ਹੈ, ਜਿਸ ਕਰਕੇ ਉਹ ਮਾਤਾ ਗੜਹੋ ਸੰਬੰਧੀ ਸਾਖੀਆਂ ਇਸ ਵਿਚ ਸ਼ਾਮਿਲ ਕਰਦਾ ਹੈ। ਇਸ ਦੀ ਸੂਚਨਾ ਸਿੱਖ ਤੁਰਕ ਸੰਘਰਸ਼ ਸਮੇਂ ਦੀ ਤੁਰਕ ਵਿਰੋਧ ਭਾਵਨਾ ਤੇ ਕਰਾਮਾਤੀ ਤੇ ਪ੍ਰਾਸਗੀਰਕ ਅੰਸ਼ਾਂ ਤੋਂ ਬਰੀ ਨਹੀਂ। ਫੇਰ ਵੀ ਗੁਰੂ ਜੀ ਨਾਲ ਸੰਬੰਧਿਤ ਨਵੀਨ ਸਾਖੀਆਂ, ਨਵੀਨ ਸੂਚਨਾ ਅਤੇ 22 ਮੰਜੀਆਂ ਬਾਰੇ ਕੁੱਝ ਸਾਮਗ੍ਰੀ ਬਾਰੇ ਇਸ ਨੂੰ ਮਹਤ੍ਪੂਰਣ ਸਮਝਿਆ ਜਾ ਸਕਦਾ ਹੈ।

ਮੂਲ ਪਾਠ

20/ੳ ਸ੍ਰੀ ਗੁਰੂ ਅਮਰਦਾਸ ਜੀ ਬਾਸਰਕੀ ਮੋ ਵਤਨ ਥਾ। ਗਾਉ ਘਰ ਕਾ ਥਾ। ਗੁਰੂ ਜੀ ਕੇ ਚਾਰ ਭਾਈ ਥੇ[1] ਜੋ ਆਪਨ ਬਿਉਹਾਰ ਕਰਤੇ ਥੇ ਅਰ ਬਾਬੇ[2] ਜੋ ਗੁਰੂ ਅਮਰ ਜੀ ਕੇ ਪਿਤਾ ਥੇ ਭਲੀ ਸਿਧ ਅਵਸਥਾ ਮੇ ਥੇ। ਚਾਰੋ ਬੇਟੇ ਬਿਉਹਾਰ ਕਰਤੇ ਥੇ ਗਾਉ ਕਾ ਖੇਤੀ ਪਤੀ। ਅਰ ਗੁਰੂ ਅਮਰ ਜੀ ਗੰਗਾ ਹੀ ਕੀ ਜਾਤ੍ਰਾ ਹਮੇਸਾ ਕਰਤੇ ਥੇ। ਅਉਰ ਦੂਸਰਾ ਬਿਉਹਾਰ ਨਹੀਂ ਜਾਨਤੇ ਥੇ। ਅਰ ਸਰਬਦਾ ਏਕਾਤਗਤ ਥੇ। ਅਰ ਦੋਇ ਬੇਟੀ ਔਲਾਦ ਥੀ। ਏਕ ਸੋਢੀਵੇ ਦੇ ਘਰ ਬਿਆਹੀ ਥੀ ਏਕ ਸੁੜੀ ਖਤ੍ਰੀ ਦੇ ਘਰ ਥੀ। ਅਰ ਸਾਹਿਬ ਬ੍ਰਹਮਚਰਜ ਅਵਸਥਾ ਮੇ ਰਹਤੇ ਥੇ। ਏਕ ਸਮੇ ਸਾਹਿਬ ਗੰਗਾ ਜੀ ਕੋ ਗਏ। ਜਬ ਗੰਗਾ ਜੀ ਕਾ ਜਾਣਾ ਕਰ ਕੇ ਫਿਰ ਆਏ ਤੋ ਰਾਹ ਮੋ ਆਏ ਤਬ ਏਕ ਗਾਉ ਮਿਹੜਾ ਥਾ। ਤਿਸ ਮੋ ਦੁਰਗੋ ਨਾਮੇ ਸਾਰਸੁਤ ਭੰਭੀ ਉਸ ਗਾਉ ਮੇ ਰਹਤੇ ਥੇ। ਉਨ ਕੇ ਘਰ ਮੋ ਸਾਹਿਬ ਆਨ ਕੇ ਰਹੇ। ਜਬ ਆਏ ਤਬ ਆਵਤੇ ਸੋਇ ਰਹੇ। ਤਬ ਦੁਰਗੋ ਭੰਭੀ ਕੀ ਨਜਟ ਪੈਰਾ ਉਪਰਿ ਪੜੀ। ਪੈਰੋ ਮੋਂ ਪਦਮ ਕਾ ਚਿਹਨ ਦੇਖਾ। ਤਬ ਦੁਰਗੋ ਨੇ ਮਨ ਮੋ ਬਿਚਾਰ ਕੀਆ ਇਹ ਕੋਈ ਅਵਤਾਰ ਹੈ ਇਆ ਰਾਜਾ ਹੋਇਗਾ ਚਕਰਵਰਤੀ।

---

22. 'ਉਹੀ', 28 ਅ

23. ਖਤ੍ਰੀ ਚਾਰ ਭਾਗਾਂ ਵਿਚ ਵੰਡੇ ਹੋਏ ਹਨ-ਬਾਰੀ, ਖੁਖਰਾਨ, ਬੰਜਾਹੀ ਅਤੇ ਸਰੀਨ। ਬਾਰ੍ਹੀ ਧਾਰਾ ਗੋਤਾਂ ਵਿਚ, ਬੰਜਾਹੀ ਬਵੰਜਾ ਅਤੇ ਸਰੀਨ ਵੀਹ ਗੋਤਾਂ ਵਿਚ ਵੰਡੇ ਹੋਏ ਹਨ।
'ਮਹਾਨ ਕੋਸ਼, (1960), ਪੰਨਾ 274

1. 'ਮਹਿਮਾ ਪ੍ਰਕਾਸ਼' ਅਨੁਸਾਰ ਗੁਰੂ ਅਮਰਦਾਸ ਦੇ ਤਿੰਨ ਭਰਾ ਹੋਰ ਸਨ।

2. ਬਾਬਾ ਤੇਜ ਜੀ ।

Digitized by Panjab Digital Library | www.panjabdigilib.org

ਤਬ ਸਾਹਿਬ ਜਬ ਜਾਗੇ ਤਬ ਤਿਆਰ ਹੋ ਕਰ ਘਰ ਮੋ ਚਲੇ। ਤਬ ਦੁਰਗੋ ਭੰਭੋ ਸੋ ਬਿਦਾ ਹੋਨੇ ਲਗੇ ਤਬ ਦੁਰਗੋ ਨੇ ਕਹਾ ਜੋ ਹਮ ਮੰਗੇਗੇ ਸੋ ਮਿਲੇਗਾ। ਤਬ ਸਾਹਿਬ ਕਹਿਆ ਜੋ ਹਮਾਰੇ ਪਾਸ ਹੋਵੈਗਾ ਸੋ ਦੇਵੈਗੇ। ਤਬ ਦੁਰਗੋ ਕਹਿਆ ਜੋ ਤੁਮਾਰੀ ਭਉ ਹੋਇ ਤਬ ਜੋ ਹਮ ਮਾਂਗੇਗੇ ਸੋ ਤੁਮ ਦੇਨਾ। ਤਬ ਬਚਨ ਹੋਇਆ ਜੋ ਦੇਹਗੇ। ਤਬ ਘਰ ਕੋ ਚਲੇ। ਕੋਈ ਦਿਨ ਸੋ ਘਰ ਆ ਪਹੁੰਚੇ। ਏਕ ਬ੍ਰਹਮਚਾਰੀ ਸਾਥ ਥਾ। ਜਬ ਰਾਤ ਪਈ ਤਬ ਬ੍ਰਹਮਚਾਰੀ ਕੋ ਰਸੋਈ ਕੋ ਪੂਛਾ।

20/ਅ ਤਬ ਬ੍ਰਹਮਚਾਰੀ ਨੇ ਪੂਛਾ/ਤੁਮਾਰਾ ਗੁਰੂ ਘਰ ਕਵਣ ਹੈ। ਤਬ ਸਾਹਿਬ ਨੇ ਕਹਾ ਕੀ ਅਬ ਤਕ ਗੰਗਾ ਕੀ ਸੇਵਾ ਕੀਆ ਹੈ। ਗੁਰੂ ਕੀ ਤਲਾਸ ਕੋ ਫਿਰਤੇ ਹੈ। ਫਿਰਤੇ ਹੈ। ਤਬ ਬ੍ਰਹਮਚਾਰੀ ਕਹਾ ਹਮ ਤੁਮਾਰੇ ਘਰ ਦਾ ਅੰਨ ਨਾ ਖਾਹਿਗੇ। ਤੁਮ ਗੁਰੂ ਕਰੋ ਤਬ ਅੰਨ ਖਾਹਿਗੇ। ਤਬ ਸਾਹਿਬ ਨੇ ਬ੍ਰਹਮਚਾਰੀ ਕੋ ਬਿਦਾ ਕੀਆ। ਅਰ ਉਪਰ ਸੇ ਰਾਤ ਪਰੀ। ਗੁਰ ਕੀ ਚਿਤਵਨ ਮਨ ਬਿਖੇ ਲਗ ਰਹੀ। ਕੁਛ ਪ੍ਰਸਾਦਿ ਨ ਕੀਆ। ਅਰ ਨਾ ਰਾਤ ਕੋ ਸੋਏ। ਬੀਬੀ ਅਮਰੋ ਜੀ ਸ੍ਰੀ ਗੁਰੂ ਅੰਗਦ ਜੀ ਕੀ ਬੇਟੀ ਗੁਰੂ ਅਮਰਦਾਸ ਜੀ ਕੇ ਭਤੀਜੇ ਕੋ ਬਿਆਹੀ ਥੀ। ਜਬ ਪਹਰ ਰਾਤ ਰਹੀ ਥੀ ਤਬ ਬੀਬੀ ਅਮਰੋ ਅਸਨਾਨ ਕਰ ਕੇ ਬਾਣੀ ਪਾਠ ਕਰਦੇ ਸੇ। ਘਰ ਕਾ ਧੰਧਾ ਹਾਥੋ ਸੇ ਕਰਤੇ ਥੇ। ਜਬ ਬੀਬੀ ਅਮਰੋ ਬਾਣੀ ਪਢਣ ਲਗੀ ਤਬ ਸਾਹਿਬ ਬੈਠੇ ਥੇ ਅਰ ਬੜੀ ਚਿਤਵਨਾ ਮੋ ਥੇ। ਤਬ ਬੀਬੀ ਬਾਣੀ ਪਢੀ। ਤਬ ਸਾਹਿਬ ਨੇ ਸੁਨਾ ਇਹ ਸਬਦ ਬੀਬੀ ਜੀ ਪਦਤੀ ਸੀ! ਸਬਦ, 'ਕਰਣੀ ਕਾਗਦ ਮਨ ਮਸਵਾਣੀ—'। ਜਬ ਏਹ ਸ਼ਬਦ ਬੀਬੀ ਅਮਰੋ ਜੀ ਪੜਾ ਤਬ ਗੁਰੂ ਜੀ ਸੁਨਾ। ਸੁਨ ਕਰ ਬਹੁਤ ਮਨ ਨਿਰਮਲ ਹੋਆ। ਅਰ ਗਦ ਗਦ ਹੋਏ। ਬਹੁਤ ਖੁਸੀ ਹੋਈ। ਤਬ ਸਾਹਿਬ ਉਠ ਖੜੇ ਹੂਏ।

21/ੳ ਜਹਾ ਬੀਬੀ ਅਮਰੋ ਬੈਠੇ ਥੇ ਤਹਾ ਆਨ ਖੜੇ ਹੂਏ। ਆਖਨ ਲਗੇ।/ਬਚੀ ਜਿਸ ਦਾ ਇਹ ਬਚਨ ਹੈ ਉਸ ਦੇ ਪਾਸ ਮੈਨੂੰ ਲੈ ਚਲੋ। ਤਬ ਬੀਬੀ ਆਖਿਆ ਬਿਨਾ ਗੁਰੂ ਜੀ ਕੇ ਸਦੈ ਮੈ ਕਿਸ ਤਰ੍ਹਾਂ ਜਾਵਾਂ। ਤਬ ਗੁਰੂ ਅਮਰ ਜੀ ਆਖਿਆ ਬਚਾ ਸਾਨੂੰ ਤੂ ਲੈ ਚਲ ਗੁਰੂ ਜੀ ਭੀ ਕ੍ਰਿਪਾ ਕਰੇਗੇ। ਤਬ ਬੀਬੀ ਜੀ ਕਹਾ ਭਲਾ ਜੀ ਮੈ ਫਜਰ ਤੁਸਾਡੇ ਸਾਥ ਚਲੋਂਗੀ। ਜਬ ਸਬੇਰ ਭਈ ਤਬ ਬੀਬੀ ਜੀ ਤਿਆਰ ਹੋ ਕਰ ਖਡੂਰ ਆਇ ਪਹੁੰਚੇ। ਤਬ ਗੁਰੂ ਅਮਰ ਜੀ ਕੋ ਬਠਾਲ ਕਰ ਅਗੇ ਆਪ ਜਾਇ ਕਰ ਹਜੂਰ ਮੋ ਮਥਾ ਟੇਕਾ। ਤਬ ਸਾਹਿਬ ਆਖਿਆ ਬਚਾ ਬਿਨਾ ਬੁਲਾਏ ਕਿਸ ਵਾਸਤੇ ਆਏ। ਤੁਮ ਆਏ ਬਹੁਤ ਭਲਾ ਕੀਆ। ਜਿਸ ਪੁਰਖ ਕੋ ਲੇ ਆਏ ਉਨ ਕੋ ਕਿਉ ਛੋਡ ਆਏ। ਬੇਟਾ ਉਨ ਕੋ ਜਾਇ ਕਰ ਲੇ ਆਵਉ। ਤਬ ਬੀਬੀ ਜੀ ਗੁਰੂ ਜੀ ਕੋ ਸਾਥ ਲੇ ਕੇ ਹਜੂਰ ਮੋ ਹਾਜਰ ਹੋਏ। ਤਬ ਸ੍ਰੀ ਗੁਰੂ ਅੰਗਦ ਜੀ ਗਲੇ ਮਿਲਣ ਲਗੇ। ਗੁਰੂ ਅਮਰਦਾਸ ਜੀ ਚਰਨਾ ਉਪਰ ਗਿਰੇ ਅਰ ਕਹਾ ਕੀ ਮੇਹਰਵਾਨ ਮੈ ਤਉ ਚਰਨਾ ਕੇ ਆਸਰੇ ਪਰ ਆਇਆ ਹੂ। ਸਤਿਗੁਰ ਅੰਤਰਜਾਮੀ ਹੈ। ਤਬ ਕੁਸਲ ਖੇਮ ਕਰ ਕੇ ਬੈਠਾਲੇ। ਤਬ ਲੰਗਰ ਤਿਆਰ ਹੋਇਆ। ਅਰਦਾਸ ਲੰਗਰ ਕੀ ਹੋਈ। ਸਾਹਿਬ ਉਠ ਕਰ ਲੰਗਰ ਕੋ ਗਏ। ਜਬ ਲੰਗਰ ਮੋ ਜਾਇ

Digitized by Panjab Digital Library | www.panjabdigilib.org

ਬੈਠੇ। ਲਾਂਗਰੀ ਪ੍ਰਸਾਦਿ ਪਰੋਸਿਆ ਸਤਿਗੁਰ ਕੇ ਆਗੇ ਥਾਲੀ ਰਖੀ। ਤਬ ਗੁਰੂ ਅਮਰਦਾਸ ਜੀ ਦੇਖੇ ਥਾਲੀ ਕੇ ਵਿਚ ਮਹਾਪ੍ਰਸਾਦਿ ਬਕਰੇ ਕਾ ਪਰੋਸਾ ਹੈ। ਤਬ ਮਨ ਮੋ ਬਿਚਾਰ ਕੀਤਾ ਜੋ ਸਾਠ ਬਰਸ[1] ਹਮ ਕੋ ਪ੍ਰਸਾਦਿ ਨਹੀਂ ਹੋਇਆ ਨਾ ਖਾਇਆ ਹੈ। ਜੋ ਗੁਰੂ ਪੂਰਾ ਹੈ ਤੋ ਹਮ ਕੋ ਇਹ ਪ੍ਰਸਾਦਿ ਨਹੀ ਦੇਵੇਗਾ। ਤਬ ਨਉ-ਗੁਰ ਅੰਤਰਜਾਮੀ ਰਸੋਈਏ ਕੋ ਆਗਿਆ ਕੀਤੀ ਜੋ ਇਸ ਪੁਰਖ ਕੋ ਦਾਲ ਦੇਨਾ ਪ੍ਰਸਾਦਿ ਦੇਨਾ ਮਹਾ ਪ੍ਰਸਾਦਿ ਨਹੀ ਦੇਨਾ। ਤਬ ਗੁਰੂ ਅਮੁਰ ਨੇ ਬਿਚਾਰ ਕੀਤੀ ਸਤਿਗੁਰ ਅੰਤਰਜਾਮੀ ਹੈ ਅਰ ਜੋ ਪ੍ਰਸਾਦਿ ਸਤਿਗੁਰ ਖਾਤੇ ਹੈ ਸੋ ਹਮ ਕੋ
21/ਅ ਭੀ ਖੁਨਾ ਹੈ। ਅਰ ਮੁਖ ਮੋ ਪ੍ਰਸਾਦਿ ਦੇਵੈਗੇ। ਤਬ ਸ੍ਰੀ ਗੁਰੂ ਅੰਗਦ ਜੀ ਨੇ ਦੁਇ ਮਰੁਤਬ ਗਿਰਾਸ ਥਾਲੀ ਮੋ ਸੋ ਲੈ ਕੇ ਥਾਲੀ ਗੁਰੂ ਅਮਰ ਜੀ ਕੋ ਬਕਸਾ। ਕਹਾ ਪੁਰਖਾ ਜੀ ਏਹ ਪ੍ਰਸਾਦਿ ਖਾਉ। ਤਬ ਸਾਹਿਬ ਨੇ ਸਭ ਪ੍ਰਸਾਦਿ ਖਾਇਆ। ਮਹਾ ਅਨੰਦ ਹੂਏ। ਸਰਬ ਮਨੋਰਥ ਪੂਰਨ ਹੋਇਆ। ਤਬ ਸ੍ਰੀ ਗੁਰੂ ਅੰਗਦ ਜੀ ਸਿੰਘਾਸਨ ਪਰ ਬੈਠੇ। ਫਿਰ ਸ੍ਰੀ ਗੁਰੂ ਅਮਰ ਜੀ ਕੋ ਕੋਈ ਕੁਛ ਪੂਛਾ ਨਹੀ। ਤਬ ਸਾਹਿਬ ਨੇ ਬਿਚਾਰ ਕੀਤਾ ਜੋ ਸਤਿਗੁਰ ਕੇ ਦੁਆਰੇ ਕੀ ਕਉਨ ਟਹਲ ਕਰੀਏ। ਸਭ ਟਹਲ ਪਰ ਟਹਲੀਏ ਥੇ। ਏਕ ਪਾਨੀ ਕੀ ਛੂਟੀ ਥੀ। ਸੋ ਪਾਣੀ ਟਹਲ ਸਾਹਿਬ ਨੇ ਲੀਆ। ਇਸ ਟਹਲ ਕੋ ਰੋਜ ਕਰਤੇ ਥੇ। ਜਿਸ ਵਖਤ ਕਿਸੀ ਕੋ ਪਿਆਸ ਹੋਦੇ ਉਸੀ ਵਖਤ ਜਲ ਭਰ ਕੇ ਪਿਆਇ ਦੇਤੇ। ਬਾਕੀ ਜਲ ਗਿਰਾ ਦੇਤੇ। ਇਸੀ ਪ੍ਰਕਾਰ ਕਰਕੇ ਛੈ ਬਰਸ ਛੈ ਮਹੀਨੇ ਬਤੀਤ ਹੂਏ[2]। ਇਕ ਦਿਨ ਐਸਾ ਹੂਆ ਜੋ ਬਰਖਾ ਹੋਈ ਥੀ। ਸ੍ਰੀ ਗੁਰੂ ਜੀ ਕੇ ਇਸਨਾਨ ਕਾ ਵਖਤ ਗੁਰੂ ਅਮਰ ਜੀ ਸਾਹਿਬ ਜਲ ਲੈ ਕੇ ਆਵਤੇ ਥੇ। ਜੋਲਾਹੇ ਕੇ ਘਰ ਕੇ ਬੀਚ ਸੋ ਰਾਹੁ ਥਾ। ਜਬ ਉਸ ਕੇ ਘਰ ਕੇ ਬੀਚ ਆਏ ਤਬ ਗੋਡਾ ਖਿਸਕਾ ਕੁਮਲ ਕੇ ਬੀਚ ਅਰ ਪਾਣੀ ਕਾ ਗਗਰਾ ਥਾ ਸੋ ਥਾਮ ਲੀਆ। ਪੈਰ ਖਿਸਕਿਆ। ਤਿਨ ਕਾ ਖੜਕ ਜੋਲਾਹੇ ਨੇ ਸੁਨਿਆ। ਸੁਨ ਕਰ ਜੋਰੂ ਸੋ ਪੂਛਿਆ ਸਾਡੇ ਅਡਨਿ ਵਿਚ ਕਿਆ ਖੜਕ ਹੋਆ। ਤਦ ਜੋਲਾਹੀ ਨੇ ਆਖਿਆ ਹੈ ਹੋਰ ਕੋਈ ਨਹੀ ਏਹ ਅਮਰਦਾਸ ਹੈ। ਘਰ ਦਰ ਛੋਡ ਕਰ ਨਿਥਾਵਾ ਹੋਇ ਰਹਿਆ ਹੈ। ਜਬ ਏਹ ਬਾਤ ਜੋਲਾਹੀ ਆਖੀ ਤਬ ਗੁਰੂ ਅਮਰ ਜੀ ਕਹਾ ਤੇ ਕਮਲੀਏ ਅਸੀ ਕਿਤੇ ਨਿਥਾਵੇ ਹੈ ਜਿਨ ਐਸਾ ਦਰ ਸੇਵਆ ਹੈ। ਤਬ ਜੋਲਾਹੀ ਕਮਲੀ ਹੋ ਗਈ। ਅਰ ਸਾਹਿਬ ਜਲ ਲੈ ਗਏ। ਸਤਿਗੁਰੂ ਕੋ ਅਸਨਾਨ ਕਰਵਾਇਆ। ਸਤਿਗੁਰੂ
22/ੳ ਅਸਨਾਨ ਕਰ ਕੇ ਸਮਾਧੇ ਅਸਥਿਤ ਹੋਏ। ਜਬ ਅੰਮ੍ਰਿਤ ਵੇਲਾ ਪ੍ਰਭਾਤ ਹੋਈ ਤਦ ਸ੍ਰੀ ਗੁਰੂ ਅੰਗਦ ਜੀ ਨੇ ਗੁਰੂ ਅਮਰਦਾਸ ਜੀ ਕੋ ਬੁਲਾਇਆ ਅਰ ਪੁਛਿਆ ਪੁਰਖਾ ਜੀ ਰਾਤ ਕੋ ਜੋਲਾਹੀ ਨੇ ਕੀ ਆਖਿਆ। ਅਰਦਾਸ ਕੀਤੀ ਸਚੇ ਪਾਤਸਾਹਿ

---

1. ਇਸ ਹਿਸਾਬ ਗੁਰੂ ਅਮਰਦਾਸ ਦਾ ਜਨਮ ਸੰਮਤ 1542 ਬਿ. (1485 ਈ.) ਹੈ। ਪਰ ਇਸੇ ਰਚਨਾ ਦੀ 28 ਵੀਂ ਸਾਖੀ ਅਨੁਸਾਰ ਜਨਮ ਸੰਮਤ 1530 ਬਿ. (1473 ਈ.) ਬਣਦਾ ਹੈ। ਇਉਂ ਏਥੇ ਜਨਮ ਸੰਮਤ ਸੰਬੰਧੀ ਸ੍ਵਿਰੋਧ ਹੈ

2. ਪਰ ਸਰੂਪ ਦਾਸ ਦੇ 'ਮਹਿਮਾ ਪ੍ਰਕਾਸ਼', ਵਿਚ ਗੁਰੂ ਸੇਵਾ ਦਾ ਸਮਾਂ 12 ਸਾਲ ਦੱਸਿਆ ਗਿਆ ਹੈ

Digitized by Panjab Digital Library | www.panjabdigilib.org

ਸਤਿਗੁਰੂ ਅੰਤਰਜਾਮੀ ਹੈ ਕੁਛ ਛਪਾ ਨਹੀ ਹੈ। ਤਬ ਜੋਲਾਹੀ ਜੋਲਾਹੇ ਕੋ ਬੁਲਾਇਆ। ਤਬ ਜੁਲਾਹੀ ਜੋਲਾਹੀ ਦੋਨੋ ਆਨ ਦਰਸਨ ਮੁਖ ਖੜੇ ਹੂਏ। ਤਬ ਜੋਲਾਹੇ ਕੋ ਆਗਿਆ ਹੂਈ ਜੋ ਜਿਸ ਤਰਾਂ ਰਾਤ ਕੋ ਆਖਿਆ ਥਾ ਤਿਸ ਤਰਾਂ ਆਖੋ। ਤਬ ਜੋਲਾਹੇ ਅਰਦਾਸ ਕੀਤੀ ਮਿਹਰਵਾਨ ਜਬ ਰਾਤ ਕੋ ਅਡਣਿ ਵਿਚ ਖੜਕ ਹੂਆ ਜਬ ਮੈ ਜੋਰੂ ਨੂੰ ਪੁਛਿਆ ਜੋ ਕਿਆ ਖੜਕ ਹੂਈ। ਤਦ ਜੋਰੂ ਨੇ ਕਹਿਆ, ਅਮਰਦਾਸ ਨਿਥਾਵਾ ਹੈ ਜਿਸ ਨੂੰ ਥਾਉ ਨਹੀਂ। ਤਬ ਉਨਾਂ ਆਖਿਆ ਕਮਲੀਏ ਅਸੀ ਕਿਉ ਨਿਥਾਵੇ ਹਾਂ ਜਿਨਾਂ ਨੇ ਐਸਾ ਦਰ ਸੇਵਿਆ ਹੈ। ਉਸ ਵਖਤ ਸੋ ਮੇਰੀ ਜੋਰੂ ਬਉਰਾਇ ਗਈ ਹੈ। ਤਬ ਸਤਿਗੁਰੂ ਕਾ ਬਚਨ ਹੂਆ ਜੋਲਾਹੇ ਕੋ ਤੂ ਨਿਹਾਲ ਹੂਆ। ਪੁਰਖਾ ਜੀ ਤੁਸੀ ਨਿਮਾਨਿਆ ਕੇ ਮਾਨ ਹੋ, ਨਿਥਾਵਿਆ ਕੇ ਥਾਉ ਹੋ, ਨਿਵੇਟਿਆ ਕੀ ਵੇਟ ਹਉ, ਨਿਧਿਰਿਆ ਕੀ ਧਿਰ ਹਉ ਗਈ ਬਹੋੜ ਹਉ, ਬੰਦੀ ਛੋੜ ਹੋ, ਭਨਨ ਘੜਨ ਸਮਰਥ ਹੋ, ਰਿਜਕ ਕੀ ਕੁੰਜੀ ਤੁਮਾਰੇ ਹਥ ਹੈ। ਪੁਰਖਾ ਜੀ ਤੁਮ ਧੰਨ ਹੋ। ਇਤਨਾ ਚਿਰ ਸਾਨੂੰ ਚਿਤ ਨਹੀ ਆਇਆ। ਤਬ ਨਾਈ ਬੁਲਾਇਆ। ਹਜਾਮਤ ਬਣਵਾਈ[1]। ਸਿਰ ਪਰ ਸੇ ਬਾਲ ਅਰ ਕਪੜਾ ਜੋ ਉਤਾਰਿਆ ਸੋ ਸ੍ਰੀ ਗੁਰੂ ਅੰਗਦ ਜੀ ਅਪਨੇ ਹਾਥ ਪਰ ਲੀਆ। ਬਚਨ ਹੂਆ ਏਹ ਹਮਾਰੇ ਹਾਥ ਪਰ ਦੇਉ। ਧਰਤੀ ਇਸ ਕਾ ਬੋਝ ਨ ਉਠਾ ਸਕੇਗੀ। ਤਬ ਜਲ ਮਗਵਾਇ ਕੇ ਇਸਨਾਨ ਕਰਵਾਇਆ। ਬਸਤ੍ਰ

22/ਅ

ਪਹਰਾਏ। ਅਪਨੇ ਹਾਥ ਸੋ ਸਿਰ ਪਰ ਪਗਰੀ ਬਧੀ। ਕੇਸਰ ਚੰਦਨ/ਕਾ ਤਿਲਕ ਮਥੇ ਪਰ ਲਗਾਇਆ। ਅਰ ਪੰਜ ਪੈਸੇ ਅਰ ਨਾਰਿਅਲ ਪਲੈ ਪਾਇਆ। ਅਰ ਬਚਨ ਹੂਆ ਪੁਰਖਾ ਜੀ ਇਸਟ ਸਨਮੁਖ ਕਰ ਕੇ ਦੇਖੋ ਕਿਆ ਇਸਟ ਨਜਰ ਆਵਦਾ ਹੈ। ਤਬ ਗੁਰੂ ਅਮਰ ਜੀ ਕਹਿਆ ਸਚੇ ਪਾਤਸਾਹ ਦੇਵੀ ਦੇਵਤਾ ਸਿਧ ਸਾਧਕ ਬਾਵਣ ਬੀਰ ਜੋ ਅਕਾਰ ਕੇ ਨਾਇਕ ਹੈ ਸੋ ਹਾਥ ਬਾਂਧ ਕੇ ਖੜੇ ਹੈ। ਕਹਦੇ ਹੈ ਜੋ ਤੁਸੀ ਕਹੋ ਆਗਿਆ ਕਰੋ ਸੋ ਕਰੀਏ। ਤਬ ਬਚਨ ਹੂਆ ਜੋ ਪੁਰਖਾ ਚਉਰਾਸੀ ਤੁਮਰੇ ਹਾਥ ਮੋ ਹੈ। ਅਰ ਵਾਹਿਗੁਰੂ ਕਾ ਮੰਤ੍ ਅਪਨੇ ਮੁਖ ਕਰ ਕੇ ਚਉਰਾਸੀ ਕੋ ਜਪਾਈਐ। ਜੋ ਬਾਬੇ ਜੀ ਕੀ ਆਗਿਆ ਹੈ। ਪਾਰਬ੍ਰਹਮ ਕਾ ਪੰਥ ਕਰਨਾ ਹੈ ਤੁਸਾਡੇ ਪਾਸ ਹੋਵੈਗਾ। ਤਬ ਅਰਦਾਸ ਕੀਤੀ ਸਚੇ ਪਾਤਸਾਹ ਹਮ ਸੇ ਨਹੀਂ ਕੁਛ ਨਹੀਂ ਹੋਤਾ। ਆਗਿਆ ਹੋਈ ਪੁਰਖਾ ਜੀ ਸਭ ਕੁਛ ਤੁਮ ਸੇ ਹੋਵੇਗਾ। ਤੁਮ ਸਮਰਥ ਹੋ। ਤਬ ਮਥਾ ਟੇਕਿਆ। ਆਗਿਆ ਹੋਈ ਅਬ ਬਾਸਰਕੀ ਸੋ ਜਾਇ ਕਰ ਰਹੀਏ। ਤਬ ਸਾਹਿਬ ਬਚਨ ਲੇ ਕਰ ਬਾਸਰਕੀ ਮੋ ਚਲੇ। ਤਬ ਦਾਸੂ ਦਾਤਾ ਜੀ ਸੁਣਿਆ ਘੋੜਿਆ ਪਰ ਅਸਵਾਰ ਹੋ ਕਰ ਹਥਿਆਰ ਪਕਰ ਕਰ ਗਏ। ਜਬ ਗੁਰੂ ਅਮਰ ਜੀ ਕੇ ਨਜੀਕ ਜਾਇ ਪਹੁੰਚੇ ਤਬ ਗੁਰੂ ਜੀ ਪਿਛਲੇ ਪਾਸੇ ਫਿਰ ਕੇ ਦਾਸੂ ਦਾਤਾ ਕੀ ਤਰਫ ਹੋ ਕਰ ਦੇਖਿਆ। ਤਬ ਹਾਂਥ ਦੋਨੋ ਸਾਹਿਬਜਾਦੇ ਕੇ ਬਝ ਗਏ। ਤਬ ਦੋਨੋ ਸਾਹਿਬਜਾਦੇ ਘਰ ਕੋ ਆਏ ਅਤ

---

1. ਇਹ ਰੀਤੀ ਗੁਰਮਤ ਦੇ ਅਨੁਕੂਲ ਨਹੀਂ। ਗੁਰ ਗੱਦੀ ਦੇਣ ਸਮੇਂ ਕੀਤੀਆਂ ਜਾਣ ਵਾਲੀਆਂ ਰਸਮਾਂ ਵਿਚ ਇਹ ਸ਼ਾਮਿਲ ਨਹੀਂ। ਹੋ ਸਕਦਾ ਹੈ ਕਿ ਇਹ ਅਖੇਪ ਹੋਵੇ

Digitized by Panjab Digital Library | www.panjabdigilib.org

ਗੁਰੂ ਅਮਰ ਜੀ ਬਾਸਰਕੀ ਕੋ ਜਾਇ ਪਹੁੰਚੇ । ਸਭ ਲੋਕ ਪਰਵਾਰ ਕੇ ਆਨ ਕਰ ਦਰਸਨ ਕੀਆ । ਜਬ ਸਾਹਿਬਜਾਦੇ ਮਾਤਾ ਜੀ ਕੇ ਪਾਸ ਗਏ । ਤਬ ਮਾਤਾ ਜੀ ਸਾਹਿਬਜਾਦਿਆਂ ਕਾ ਹਾਲ ਦੇਖ ਕਰ ਗੁਰੂ ਅੰਗਦ ਜੀ ਕੇ ਪਾਸ ਗਏ । ਅਰਦਾਸ ਕੀਤੀ ਗਰੀਬ ਨਿਵਾਜ ਇਨਾਂ ਨੂੰ ਬਖਸੀਏ । ਤਦ ਹੁਕਮ ਹੋਆ ਇਨਾਂ
23 ੳ ਨੂੰ ਉਹਾ ਹੀ ਲੈ ਜਾਉ ਓਥੇ ਹੀ ਬਖਸੀਏਗੇ । ਅਸਾਡੇ ਪਾਸ ਕੁਛ ਨਹੀਂ ਹੋਂਦਾ ।/ ਤਬ ਮਾਤਾ ਜੀ ਲੇ ਗਏ ਗੁਰੂ ਅਮਰ ਜੀ ਕੇ ਪਾਸ । ਤਬ ਸਾਹਿਬੋ ਨੇ ਹਾਥ ਫੇਰਿਆ ਤਬ ਸਾਰਾ ਸਰੀਰ ਅਛਾ ਹੋਇਆ । ਹਾਥ ਪਾਉ ਸੁਧ ਹੋਇ ਗਇਆ । ਤਬ ਗੁਰੂ ਜੀ ਆਪ ਦੋਨੋ ਸਾਹਿਬੋਂ ਕੋ ਲੇ ਕਰ ਮਾਤਾ ਜੀ ਕੇ ਪਾਸ ਆਏ ।[1] ਤਬ ਸ੍ਰੀ ਗੁਰੂ ਅੰਗਦ ਜੀ ਬਚਨ ਕੀਤਾ ਪੁਰਖਾ ਗੋਇੰਦ ਮਰਵਾਹਾ ਸਾਡੇ ਪਾਸ ਆਇਆ ਸੀ , ਮੈ ਨਵਾ ਸੈਹਰ ਵਸਾਇਆ ਹੈ ਉਥੇ ਚਰਨ ਵਸਾਈਐ । ਸੋ ਅਸੀ ਤੁਸਾਡੇ ਆਵਣ ਉਪਰਿ ਰਾਖਾ ਥਾ । ਸੋ ਤੁਸੀ ਆਪਨ ਰਹਿਣ ਦੀ ਜਗਾ ਉਥੇ ਕਰੋ । ਤਬ ਲਗ ਗੋਇੰਦ ਮਰਵਾਹਾ ਆਇ ਗਇਆ । ਤਦ ਗੋਇੰਦ ਅਰਦਾਸ ਕੀਤੀ ਪਾਤਸਾਹ ਮੇਰੀ ਬਸਤੀ ਚਲੀਏ । ਤਬ ਗੁਰੂ ਅੰਗਦ ਜੀ ਨੇ ਗੁਰੂ ਅਮਰ ਜੀ ਕੋ ਬਚਨ ਕੀਤਾ ਪੁਰਖਾ ਜੀ ਤੁਸੀ ਓਹਰ ਜਾਇ ਕਰ ਬਸੋ । ਜਾਗਾ ਸਾਡੇ ਬਹੁਤ ਨਜੀਕ ਹੈ । ਤਬ ਗੁਰੂ ਅਮਰ ਜੀ ਗੋਇੰਦਵਾਲ ਗਏ । ਜਾਇ ਕਰ ਜਗਾ ਦੇਖੀ । ਦੇਖ ਕਰ ਫੇਰ ਫਿਰ ਆਏ । ਆਇ ਕਰ ਅਰਦਾਸ ਕੀਤੀ ਸਚੇ ਪਾਤਸਾਹ ਓਹਰ ਜਗਾ ਬਹੁਤ ਸਖਤ ਹੈ ਰਹਨੇ ਦੀ ਨਹੀ । ਤਬ ਆਗਿਆ ਹੋਈ ਪੁਰਖਾ ਤੁਮਾਰੇ ਚਰਨ ਕੇ ਪ੍ਰਤਾਪ ਸੋ ਜਗਾਹ ਕਾ ਭਲਾ ਹੋਵੈਗਾ । ਓਸ ਜਗਹਾ ਮੋ ਤਲਾਵ ਕੋ ਪਵਾਇ ਕਰ ਓਸ ਮੋ ਜਗਹ ਬਣੇ । ਤਬ ਗੁਰੂ ਜੀ ਕੀ ਆਗਿਆ ਲੇ ਕਰ ਜਾਇ ਕਰ ਜਗਹ ਬਨਾਵਣ ਲਗੇ । ਜਬ ਜਗਹ ਤਿਆਰ ਭਈ ਤਬ ਗੁਰੂ ਜੀ ਕੇ ਅਰਦਾਸ ਹੋਈ ਸਚੇ ਪਾਤਸਾਹ ਜਾਗਾ ਬਨੀ । ਗੁਰੂ ਜੀ ਕੋ ਆਗਿਆ ਕੀਆ ਜੋ ਪੁਰਖਾ ਜੀ ਜਾਗਾ ਤਿਆਰ ਹੋਈ ਓਥੇ ਜਾਇ ਕੇ ਬਨੀਏ । ਤਦ ਗੁਰੂ ਅੰਗਦ ਜੀ ਨੇ ਪੂਛਾ ਪੁਰਖਾ ਜੀ ਤੁਮਾਰੇ ਸੰਤਾਨ ਕਿਆ ਹੈ । ਤਬ ਗੁਰੂ ਅਮਰ ਜੀ ਨੇ ਕਹਾ ਸਚੈ ਪਾਤਸਾਹ ਦੋਉ ਲੜਕੀਆ ਹੈ ਜੋ ਵਿਆਹੀਆ ਹੈ । ਅਬ ਕੁਛ ਇਛ ਨਹੀ ਅਰ ਸਰੀਰ ਸੁਕੇ ਕਾਸਟ ਕੀ ਤਰਹ ਹੈ । ਤਬ ਗੁਰੂ ਅੰਗਦ ਜੀ ਕੇ
23 ਅ ਬਚਨ ਹੋਏ ਜੋ ਪੁਰਖਾ ਸੁਕਾ ਕਾਸਟ ਭੀ/ਹਰਿਆ ਹੋਵੇਗਾ । ਅਰ ਤੁਸਾਡਾ ਭੀ ਹਰਿਆ ਹੋਵੇਗਾ । ਅਰ ਪੁਰਖਾ ਦੋਇ ਬਾਬੇ ਜੀ ਕੇ ਹੈ ਬੇਟੇ ਅਰ ਦੋਇ ਮੇਰੇ ਹੈ ਬਾਬੇ ਜੀ ਕੇ ਬਚਨ ਸਾਥ । ਅਬ ਮੇਰੇ ਬਚਨ ਕਰਕੇ ਦੁਇ ਤੇਰੇ ਹੋਵੈਗੇ । ਤਬ ਖੂਟਾ ਸਰੀਰ ਕਾ ਜੋ ਥਾ ਸੋ ਰਹਿਆ ਹੋਇਆ । ਤਬ ਸ੍ਰੀ ਗੁਰੂ ਅੰਗਦ ਜੀ ਨੇ ਅਗਿਆ ਕੀਤੀ, ਪੁਰਖਾ ਗੋਇੰਦਵਾਲ ਤੁਸੀ ਚਲ ਕਰ ਬਸੋ । ਮੇਰੇ ਬੇਟੇ ਦੋਇ ਹੈ ਸੋ ਭੀ ਆਪਣੇ ਪਾਸ ਰਖੋ । ਤਬ ਗੁਰੂ ਅਮਰ ਜੀ ਬਚਨ ਦੀਆ, ਜੇ ਸਭੇ ਵੈ ਡਾਢਾ ਹੈ ਮੇਰੇ ਪਾਸ ਕਿਉ ਕਰ ਗੁਜਰੇਗੀ । ਤਦ ਬਚਨ ਹੋਆ ਤੁਸੀਂ ਨਦਮ

---

1. ਦਾਸੂ ਦਾਤੂ ਤਾਂਹੀਂ ਗੁਰੂ ਸੰਸਥਾ ਦੇ ਵਿਰੋਧ ਨਾਲ ਸੰਬੰਧਿਤ ਇਹ ਸਾਰੀ ਨਾ 'ਮਹਿਮਾ ਪ੍ਰਕਾਸ਼' ਵਿਚ ਹੈ ਤੇ ਨਾ ਕਿਸੇ ਹੋਰ ਰਚਨਾ ਵਿਚ ਹੈ । ਇਸ ਵਿਚ ਇਸ ਵਿਰੋਧ ਨੂੰ ਅਜਿਹਾ ਰੂਪ ਦਿੱਤਾ ਗਿਆ ਹੈ ਕਿ ਗੁਰੂ ਸਾਹਿਬ ਦੀ ਹੇਠੀ ਨਾ ਹੋਵੇ

Digitized by Panjab Digital Library | www.panjabdigilib.org

ਹਵਹੁ ਮੇਰੇ ਬਚਨ ਕਰਕੇ ਸੁਖ ਨਾਲ ਗ਼ੁਜਰੇਗੀ। ਤਬ ਗੁਰੂ ਅਮਰ ਗੋਇੰਦਵਾਲ ਆਏ। ਜਬ ਮੰਦਰ ਕੇ ਪਾਸ ਆਏ ਤਬ ਮੰਦਰ ਬਹੁਤ ਬੇਸ ਦੇਖਾ। ਤਬ ਮੰਦਰ ਦੇਖ ਕਰ ਬਚਨ ਹੋਆ ਜੋ ਮੰਦਰ ਤੋ ਹਮਾਰੇ ਲਾਇਕ ਨਹੀ। ਮੰਦਰ ਤੋ ਆਗ ਲਗਨੇ ਲਾਇਕ ਹੈ। ਤਬ ਬਚਨ ਕਰਕੇ ਮੰਦਰ ਕੋ ਉਸੀ ਵਖਤ ਆਗ ਲਗੀ। ਤਬ ਮੰਦਰ ਜਲਣੇ ਲਗਾ। ਤਬ ਸਿਖ ਨੇ ਅਰਦਾਸ ਕੀਤੀ ਸਚੇ ਪਾਤਸਾਹ ਹਮ ਸਰਧਾ ਨਾਲ ਮੰਦਰ ਬਣਾਇਆ ਸੋ ਚਰਨ ਭੀ ਨ ਪੜਾ ਸਾਹਿਬ ਕਾ। ਤਬ ਆਗਿਆ ਹੋਈ ਜੋ ਇਹਨਾਂ ਲਕੜੀਆਂ ਕੋ ਬੁਝਾਇ ਕਰ ਚਉਬਾਰਾ ਬਨਾਵਹੁ। ਤਬ ਇਸ ਮੋ ਰਹੇਗੇ। ਜਬ ਚਉਬਾਰਾ ਬਨਿਆ ਉਸੀ ਸੇ ਸਾਹਿਬ ਰਹਨ ਲਗੇ। ਤਬ ਸਾਹਿਬ ਗੁਰੂ ਅੰਗਦ ਜੀ ਕੇ ਦਰਸਨ ਕੋ ਜਾਤੇ ਥੇ — ਹਮੇਸਾ। ਜਬ ਲੰਗਰ ਹੋਇ ਚੁਕਤਾ ਤਬ ਸਾਹਿਬ ਕੋ ਪ੍ਰਸਾਦਿ ਖਵਾਇ ਕਰ ਫਿਰ ਗੋਇੰਦਵਾਲ ਕੋ ਆਵਤੇ। ਏਕ ਦਿਨ ਸਾਹਿਬ ਗੁਰੂ ਅਮਰ ਜੀ ਖਡੂਰ ਕੋ ਭਏ। ਤਬ ਸ੍ਰੀ ਗੁਰੂ ਅੰਗਦ ਜੀ ਕੋ ਨਾ ਡਿਠੇ। ਤਬ ਲੋਕਾ ਪਾਸੋ ਪੁਛਿਆ ਜੋ ਗੁਰੂ ਸਾਹਿਬ ਕਿਥਹੁ ਗਇਆ। ਤਬ ਲੋਕਾ ਆਖਿਆ ਜੋ ਕਲ ਜੋਗੀ ਪੀਰ ਇਥੇ ਦਾ ਆਇਆ ਹੈ ਅਰ ਜੋਗੀ ਨੇ ਗੁਰ ਸਾਹਿਬ ਕੋ ਆਖਿਆ ਸੀ ਜੋ ਇਹ ਜਗਾ ਮੇਰੀ ਹੈ ਤੁਸੀ ਇਸ ਜਗਾ ਮਤ 23/ੳ
ਰਹੋ। / ਜੋ ਇਥੇ ਰਹੋ ਬਰਖਾ ਦਿਥੇ ਨਹੀਂ ਹੁੰਦੀ ਜੋ ਜਲ ਬਰਖਾਓ ਤੋ ਰਹੋ। ਤਬ ਲੋਕਾ ਆਖਿਆ ਜੋ ਬਰਖਾ ਬਰਖਾਵਹੁ ਤੋ ਤੁਮ ਹੀ ਸਾਡੇ ਪੀਰ ਹੋ। ਨਹੀ ਤੇ ਜੋਗੀ ਬਰਖਾ ਕਰੇਗਾ ਜੋਗੀ ਐਸਾ ਸਾਡਾ ਪੀਰ ਹੈ। ਤਬ ਗੁਰੂ ਜੀ ਨੇ ਆਗਿਆ ਕੀਤੀ ਜੋ ਅਸਾਡੇ ਪਾਸ ਪਾਣੀ ਕਿਥੇ ਹੈ। ਤਬ ਬੁਢੇ ਕੋ ਆਗਿਆ ਹੋਈ ਜੋ ਸਾਡੀ ਮੰਜੀ ਉਠਾਇ ਲਵੋ ਅਸੀ/ਖਾਨ ਰਜਾਦੇ ਖੇਹ ਪਰ ਚਲ ਰਹੀਏ। ਇਸ ਸਬਬ ਕਰਕੇ ਸਤਿਗੁਰੂ ਖਾਨ ਰਜਾਦੇ ਕਉ ਗਏ। ਤਬ ਗੁਰੂ ਅਮਰ ਜੀ ਸਾਹਿਬ ਨੇ ਜਿਮੀਦਾਰਾ ਕੋ ਬੁਲਾਇ ਕਰ ਆਗਿਆ ਕੀਤੀ, ਜੋਗੀ ਜੋ ਜਾਇ ਕਰ ਕਹੋ ਜੋ ਜਲ ਤੂ ਬਰਸਾਉ ਨਹੀ ਅਸੀ ਜਲ ਬਰਸਾਵਦੇ ਹੈ। ਜਗਾ ਛਡ ਦੇ। ਤਬ ਜਿਮੀਦਾਰ ਨੇ ਜਾਇ ਕਰ ਕਹਾ ਜੋਗੀ ਕੋ ਪੀਰ ਜੀ ਜਲ ਤੁਸੀ ਬਰਸਾਵੇ ਨਹੀ ਜਗਾ ਛੋਡ ਦੇਹਾ ਗੁਰੂ ਜੀ ਜਲ ਬਰਸਾਵਤੇ ਹੈ। ਤਬ ਜੋਗੀ ਨੇ ਕਹਾ ਜੋ ਮੈ ਜਲ ਸਹਿਜ ਸੋ ਬਰਸਾਵੇਗਾ। ਤੁਸੀ ਕਾਹਲੇ ਨ ਹੋਵਹੁ ਗੁਰੂ ਕੋ ਜਵਾਬ ਦੇਹੁ। ਤਬ ਜਿਮੀਦਾਰ ਨੇ ਆਇ ਕਰ ਗੁਰੂ ਜੀ ਸੋ ਕਹਾ ਮਿਹਰਵਾਨ ਜੋਗੀ ਇਹ ਕਹਦਾ ਹੈ। ਤਬ ਸਾਹਿਬ ਨੇ ਕਹਾ ਜੋਗੀ ਝੂਠਾ। ਤੁਸੀ ਜੋਗੀ ਕੇ ਪਾਉ ਮੈ ਰਸੀ ਲਗਾ ਕਰ ਜਿਸ ਵਲ ਜੋਗੀ ਕੋ ਘਸੀਟੇਗੇ ਉਸੀ ਜਗਾ ਪਾਨੀ ਬਰਸੇਗਾ। ਤਬ ਜਿਮੀਦਾਰਾ ਨੇ ਜਾਇ ਕਰ ਰਸਾ ਲੇ ਕਰ ਜਬ ਜੋਗੀ ਕੀ ਟੰਗਰੀ ਸੇ ਲਗਾਇਆ ਤਬ ਬਦਲ ਹੋਇ ਆਇਆ। ਤਬ ਜਿਮੀਦਾਰ ਨੇ ਲੇ ਕਰ ਟੰਗਰੀ ਰਸਾ ਲੇ ਕਰ ਘਸੀਟਾ। ਜਹਾ ਜਹਾ ਜੋਗੀ ਕੀ ਦੇਹੀ ਘਸੀਟਾ ਤਹਾ ਤਹਾ ਪਾਨੀ ਅੱਘ ਭਇਆ। ਤਬ ਜਿਮੀਦਾਰਾ ਨੇ ਜੋਗੀ ਦਾ ਮਾਸ ਪੁਰਜੇ ਪੁਰਜੇ ਬਾਟ ਲੀਆ। ਜੋਗੀ ਕਾ ਨਾਸ ਭਇਆ। ਤਬ ਸਾਹਿਬ ਸ੍ਰੀ ਗੁਰੂ ਅਮਰ ਜੀ ਖਾਨ ਰਜਾਦੇ ਕੋਲ ਗਏ। ਸ੍ਰੀ ਗੁਰੂ ਅੰਗਦ ਜੀ ਕੇ ਸਾਮਨੇ ਗਏ ਤਾ ਗੁਰੂ

Digitized by Panjab Digital Library | www.panjabdigilib.org

ਸਾਹਿਬ ਮੁਹਿ ਫੇਰ ਬੈਠੇ । ਤਬ ਫੇਰ ਸਤਿਗੁਰ ਨੇ ਜਾਇ ਕਰ ਸਾਮਣੇ ਅਰਦਾਸ
24/ਅ ਕੀਤੀ ।/ਤਬ ਗੁਰੂ ਅੰਗਦ ਜੀ ਬਚਨ ਕੀਤਾ ਪੁਰਖਾ ਜੀ ਜੋਗੀ ਕੇ ਸਾਥ ਐਸਾ
ਸਲੂਕ ਕਿਉਂ ਕੀਤਾ । ਤਬ ਸਾਹਿਬ ਨੇ ਅਰਦਾਸ ਕੀਤੀ ਸਚੇ ਪਾਤਸਾਹ ਪੰਥ
ਕਾ ਬਚਨ ਕੀਤਾ ਸਾ ਸੋ ਬਿਨਾ ਪਤੀਆਏ ਜਗਤ ਕਬ ਮਾਨਤਾ ਹੈ । ਅਰ ਜੋਗੀ
ਨੇ ਸਤਿਗੁਰ ਕੇ ਆਗੇ ਬੇਅਦਬੀ ਕੀਤੀ ਹੈ । ਆਪਨ ਕੀਤਾ ਪਾਇਆ ਹੈ । ਤਬ
ਗੁਰੂ ਅੰਗਦ ਜੀ ਹਸ ਦਿਤਾ । ਤਬ ਗੁਰੂ ਅਮਰ ਜੀ ਨੇ ਅਰਦਾਸ ਕੀਤੀ ਸਚੇ
ਪਾਤਸਾਹ ਖਡੂਰ ਮੋ ਚਰਨ ਰਖੀਏ । ਤਬ ਸਾਹਿਬ ਖਡੂਰ ਮੋ ਆਏ । ਤਦ ਹੀ
ਬਲਵੰਡ ਨੇ ਟਿਕੇ ਕੀ ਵਾਰ ਸੋ ਪਉੜੀ ਕੀਆ, ਫੇਰ ਬਸਾਇਆ ਫੇਰੂ ਆਣ
ਸਤਿਗੁਰ ਖਡੂਰ । ਬੋਲੋ ਵਾਹਿਗੁਰੂ ਸਾਖੀ ਪੂਰਨ ਹੋਈ । 1 ।

ਸਾਖੀ ਹੋਰ ਚਲੀ । ਏਕ ਸਮੇ ਸ੍ਰੀ ਗੁਰੂ ਅਮਰ ਜੀ ਖਡੂਰ ਕੋ ਚਲੇ ।
ਜਬ ਰਾਹ ਮੋ ਆਏ ਕਿਸੀ ਮਨੁਖ ਕੀ ਹਡੀ ਕੋ ਪੈਰ ਛੋਹ ਗਇਆ । ਤਬ ਉਹ
ਮਨੁਖ ਉਠ ਕਰ ਅਪਨੇ ਘਰ ਕਉ ਗਇਆ । ਤਬ ਘਰ ਕੇ ਲੋਕਾ ਪੁਛਿਆ
ਕੀ ਤੂ ਤਾ ਮਰ ਗਇਆ ਤੂ ਕਹਾ ਸੋ ਆਇਆ । ਤਬ ਉਸ ਨੇ ਕਹਾ ਮੁਝ ਕੋ
ਮਰਨੇ ਜੀਵਣੇ ਕਾ ਚੇਤਾ ਨਾਹੀ । ਗੁਰੂ ਜੀ ਚਲੇ ਜਾਤੇ ਥੇ । ਉਸ ਰਾਹ ਮੇਰੀ
ਹਡੀ ਪਰ ਚਰਨ ਧਰਿਆ ਸੋ ਮੈ ਉਠ ਕਰ ਖੜਾ ਹੋਇਆ । ਇਹ ਬਾਤ ਗੁਰੂ
ਅੰਗਦ ਜੀ ਸੁਨੀ । ਤਬ ਗੁਰੂ ਅਮਰ ਜੀ ਕੋ ਕਹਾ ਪੁਰਖਾ ਜੀ ਇਹ ਬਾਤ ਬਹੁਤ
ਅਦਿਸਟ ਹੋਤੀ ਹੈ ਤੁਮਰੇ ਚਰਨ ਮੋ ਪਦਮ ਹੈ ਉਸ ਕੇ ਪਤ ਪ ਕਰਕੇ ਜਿਸ ਕੋ
ਚਰਨ ਲਗਤਾ ਹੈ ਸੋ ਉਠ ਖੜਾ ਹੋਵੇਗਾ । ਤਿਸ ਤੇ ਤੁਮ ਨਾ ਆਇਆ ਕਰੋ
ਅਸੀ ਤੁਸਾਡੇ ਪਾਸ ਆਵਾਗੇ । ਤਬ ਏਕ ਸਮੇ ਗੁਰੂ ਅੰਗਦ ਜੀ ਗੋਇੰਦਵਾਲ ਕੋ
ਗਏ । ਤਬ ਸ੍ਰੀ ਗੁਰੂ ਅਮਰਦਾਸ ਜੀ ਅਗੇ ਜਾਏ ਮਿਲੇ । ਤਬ ਇਕਠੇ ਜਾਇ
ਕਰ ਦੋਨੋ ਸਾਹਿਬ ਦਰਿਆਉ ਕੇ ਉਪਰ ਜਾਇ ਕਰ ਬੈਠੇ ਸੋ ਕਿਨਾਰੇ ਕੇ ਵਿਚ
ਗੁਰੂ ਕੀ ਰੋੜੀ ਹੈ । ਬੈਠਨ ਕੀ ਜਗਾ ਹੈ । ਸਾਹਿਬ ਉਹਾ ਬੈਠੇ ਥੇ ਜੋ ਏਕ ਪੁਰਖ
25/ਉ ਕੋਇ ਜਾਇ ਕਰ ਮਛੀ/ ਲੇ ਕਰ ਗੁਰੂ ਜੀ ਕੇ ਆਗੇ ਭੇਟ ਰਖੀ । ਤਬ ਗੁਰੂ ਜੀ
ਨੇ ਪੁਛਿਆ ਕੀ ਤੂ ਕਉਨ ਹੈ । ਤਦ ਉਸ ਨੇ ਕਹਿਆ ਕੀ ਮੈ ਬਰਨ ਹਾਂ । ਤਬ
ਆਗਿਆ ਹੋਈ ਗੁਰੂ ਅਮਰ ਜੀ ਕੋ ਪੁਰਖਾ ਇਸ ਕਾ ਪ੍ਰਸਾਦਿ ਕਰ ਮੰਗਾਵੋ ।
ਤਬ ਉਸ ਕਾ ਪ੍ਰਸਾਦਿ ਤਿਆਰ ਹੋਇਆ ਆਇਆ । ਸ੍ਰੀ ਗੁਰੂ ਅੰਗਦ ਜੀ ਨੇ
ਪ੍ਰਸਾਦਿ ਕੀਆ । ਗੁਰੂ ਅਮਰ ਜੀ ਨੇ ਭੀ ਪ੍ਰਸਾਦਿ ਖਾਇਆ । ਤਬ ਆਗਿਆ
ਹੋਈ ਗੁਰੂ ਅਮਰ ਜੀ ਕੋ ਪੁਰਖਾ ਕੜਾਹ ਕਾ ਪ੍ਰਸਾਦਿ ਬਰਨ ਕੋ ਦੀਆ ਕਰੋ । ਤਬ
ਬਰਨ ਦੇਵਤਾ ਬਿਦਾ ਹੂਆ । ਸ੍ਰੀ ਗੁਰੂ ਅੰਗਦ ਜੀ ਖਡੂਰ ਆਏ । ਰਾਹ ਦੇ
ਵਿਚ ਇਕ ਖੜੀ ਉਪਲ ਸੀਹਾ ਨਾਮ ਥਾ ਜੋ ਆਪਣੇ ਲੜਕੇ ਕਾ ਭਦਣ ਕਰਨ
ਕੋ ਜਾਤਾ ਥਾ ਸੋ ਬਕਰਾ ਸਾਥ ਲੀਏ । ਤਬ ਸ੍ਰੀ ਗੁਰੂ ਅੰਗਦ ਜੀ ਪੁਛਿਆ
ਸੀਹਾ ਤੂੰ ਕਹਾ ਚਲਿਆ ਹੈ । ਤਬ ਸੀਹੇ ਅਰਦਾਸ ਕੀਤੀ ਜੀ ਗਰੀਬ ਨਿਵਾਜ
ਮੈ ਜਠੇਰਿਆ ਕੋ ਪੂਜਣ ਚਲਿਆ ਹਾ । ਤਬ ਬਚਨ ਹੋਇਆ ਇਹਾ ਕਉਨ
ਪੂਜਾ ਹੈ ਜਿਸ ਮੋ ਜੀਆ ਕਾ ਘਾਤ ਹੋਵੇਗਾ । ਤਬ ਸੀਹੇ ਆਖਿਆ ਜਤੀਓ

Digitized by Panjab Digital Library | www.panjabdigilib.org

ਨਿਵਾਜ ਜਠੇਰੇ ਖੜੇ ਢਾਢੇ ਹੈ । ਤਬ ਬਚਨ ਹੂਆ ਤੂ ਸਵਾ ਰੁਪਿਆ ਸਾਡੀ ਪੂਜਾ ਰਖ ਕੇ ਭਦਣ ਕਰ ਲਿਆ ਕਰ[1] । ਅਸੀ ਤੇਰਿਆਂ ਸਰੁ ਬੁਝ ਲਿਆਏ। ਤਬ ਸੀਹੇ ਨੇ ਬਚਨ ਮਨਿਆ ਜੋ ਬਰਨ ਹੂਆ ਸੋ ਕੀਆ । ਉਨ ਕੇ ਜਠੇਰੇ ਕੀ ਰੀਤ ਮਾਫ ਕੀਆ ਤਬ । ਸਾਹਿਬ ਖਡੂਰ ਗਏ । ਤਬ ਕਿਸੀ ਟਹਲੀਏ ਕੋ ਦੇਉ ਨੇ ਪਛਾੜਾ । ਤਬ ਬੁਢੇ ਨੇ ਅਰਦਾਸ ਕੀਆ ਜੋ ਗਰੀਬ ਨਿਵਾਜ ਏਥੇ ਦੇਉ ਰਹਦਾ ਹੈ ਸਿਖਾ ਨੋ ਦੁਖ ਦੇਤਾ ਹੈ ਜੋ ਮਰਜੀ ਹੋਇ ਸੋ ਕਰੀਏ । ਤਬ ਬਚਨ ਹੋਇਆ ਬੁਢਿਆ ਲਾਠੀ ਲੇ ਕਰ ਇਨ ਕੋ ਨਿਕਾਲ ਆਉ । ਤਬ ਬੁਢੇ ਨੇ ਲਾਠੀ ਲੇ ਕਰ ਹਾਕ ਹਾਕ ਕਰ ਦੇਇ ਕੋਸ ਪਰ ਲੇ ਗਇਆ । ਤਬ ਦੇਉ ਕੀ ਇਸਤੀ ਕੋ ਪਰਸੂਤ ਹੂਆ । ਤਬ ਬੂਢੇ ਕੋ ਦਇਆ ਆਈ ।/ਤਬ ਹਜੂਰ ਮੋ ਬੁਢੇ ਨੇ ਅਰਦਾਸ ਕੀਤੀ, ਸਚੇ ਪਾਤਸਾਹ ਦੋ ਕੋਸ ਪਰ ਛੋਡ ਆਇਆ ਹਾ । ਉਸ ਕੀ ਇਸਤ੍ਰੀ ਕੋ ਬੇਟਾ ਜਮਿਆ ਹੈ । ਉਹ ਚਲ ਨਹੀ ਸਕਤੀ । ਤਬ ਬਚਨ ਹੋਆ ਜੋ ਉਸ ਜਗਾ ਦਾ ਨਾਮ ਭੂਤ ਵਿੰਡ[2] ਰਖੋ । ਉਹਨਾਂ ਨੇ ਉਥੇ ਰਹਨ ਦੇਉ । ਤਬ ਗੁਰੂ ਜੀ ਕੇ ਬਚਨ ਸੋ ਉਥੇ ਰਹੇ । ਸਾਖੀ ਪੂਰੀ ਹੋਈ ॥ ਬੋਲੋ ਵਾਹਿਗੁਰੂ । 2 ।

25/ਅ

ਸਾਖੀ ਹੋਰ ਚਲੀ । ਏਕ ਸਮੇ ਫਿਰ ਗੁਰੂ ਅੰਗਦ ਜੀ ਰੋੜੀ ਪਰ ਜਾਇ ਬੈਠੇ । ਸ੍ਰੀ ਗੁਰੂ ਅਮਰ ਜੀ ਦਰਸਨ ਕੋ ਜਾਇ ਪਹੁੰਚੇ । ਕੋਈ ਘੜੀ ਬੈਠ ਕੇ ਸਾਹਿਬ ਫਿਰ ਉਠੇ । ਤਬ ਗੁਰੂ ਅਮਰ ਜੀ ਕਾ ਹਾਥ ਪਕੜਿ ਕੇ ਖਡੂਰ ਕੇ ਰਾਹ ਕੋ ਚਲੇ । ਰਾਹ ਮੋ ਚਲੇ । ਤਬ ਚਲਤੇ ਚਲਤੇ ਹਾਥ ਹਿਲ ਗਇਆ । ਸੋ ਹਾਥ ਵਢ ਗਇਆ । ਤੇਬ ਗੁਰੂ ਅਮਰ ਜੀ ਹਾਥ ਕੀ ਤਰਫ ਦੇਖਾ ਤੋ ਹਾਥ ਗੁਰੂ ਜੀ ਕੇ ਸਰੀਰ ਸੋ ਬਢ ਬਢ ਕੇ ਚਲ ਜਾਤਾ ਹੈ । ਤਬ ਹਾਥ ਪਰ ਕੋਪ ਕੀਆ ਅਰ ਛਾਤੀ ਕੇ ਸਾਥ ਲਗਾਇ ਲੀਆ-। ਫਿਰ ਛਾਤੀ ਸੋ ਹਾਥ ਜੁਦਾ ਨਾ ਕੀਆ । ਆਰਬਲਾ ਪ੍ਰਜੰਤ ਇਹ ਬੀਚਾਰਾ ਕੀ ਮੇਰੇ ਗੁਰੂ ਕੇ ਆਗੇ ਹਾਥ ਚਲ ਚਲ ਜਾਤਾ ਥਾ । ਜੋ ਸਾਹਿਬ ਜਾਮਾ ਪਹਰੇ ਤੋ ਇਕੇ ਹਾਥ ਸੇ ਜੋ ਕੰਮ ਹੋਵੇ ਸੋ ਇਕੋ ਹਾਥ ਸੋ । ਪਗਰੀ ਬਾਂਧੇ ਸੋ ਏਕੇ ਹਾਥ। ਸੋ ਬਲ੍ਹੂ ਟਹਲੀਆ ਦੂਸਰੇ ਹਾਥ ਕੀ ਜਗਹ ਕੰਮ ਕਰ ਦੇਤਾ[1] ਥਾ । ਇਸੀ ਪ੍ਰਕਾਰ ਸ੍ਰੀ ਗੁਰੂ ਸਾਹਿਬ ਅੰਗਦ ਜੀ ਗੋਇੰਦਵਾਲ ਆਵਤੇ ਥੇ । ਏਕ ਦਿਨ ਸ੍ਰੀ ਗੁਰੂ ਅਮਰ ਜੀ ਗੁਰੂ ਜੀ ਕੇ ਪਾਸ ਗਏ । ਸਾਹਿਬ ਬਢੇ ਅਨੰਦ ਸੋ ਬੈਠੇ ਥੇ । ਤਬ ਬਚਨ ਹੋਆ ਪੂਰਖਾ ਪਾਰਬ੍ਰਹਮ ਕੇ ਪੰਥ ਕੇ ਵਾਸਤੇ ਕਹਾ ਥਾ । ਤੁਮ ਕਿਰਪਾ ਕੀ ਨਜਰ ਕਰ ਕੇ ਜਗਤ ਕੇ ਜੀਵ ਹੈ ਇਨ ਕੋ ਪਰਮੇਸਰ ਕਾ ਉਪਦੇਸ ਦਿੜਾਵੋ । ਸਾਰਾ ਕੰਮ ਜਗਤ ਪੂਰ ਇਹੀ ਹੈ । ਅਰ ਆਗਿਆ ਹੋਈ ਸਭ ਸੰਗਤ ਕੋ ਬੁਲਾਵੋ । ਅਬ ਹਮ ਸਮਾਵੇਗੇ । ਤਬ ਸਭ ਸੰਗਤ ਆਨ ਕਰ ਸਤਿਗੁਰੂ ਕੇ ਦਰਸਨ ਕਰਨੇ ਲਗੀ । ਤਬ ਦਿਵਾਨ ਕੇ ਵਿਚ

---

1. ਸਾਖੀ 'ਮਹਿਮਾ ਪ੍ਰਕਾਸ਼' ਵਿਚ ਵੀ ਹੈ ਪਰ ਗੁਰਮਤ ਦੇ ਅਨੁਕੂਲ ਨਹੀਂ :
'ਮਹਿਮਾ ਪ੍ਰਕਾਸ਼ ਗੁਰੂ ਅਮਰਦੇਵ' ਵਿਚ ਇਸ ਸੰਬੰਧੀ ਸ਼ਾਬਤ ਸੂਰਤ ਰਹਿਣ ਦਾ ਉਪਦੇਸ਼ ਕੀਤਾ ਗਿਆ ਹੈ
2. ਗੋਇੰਦਵਾਲ ਤੋਂ ਚਾਰ ਕੁ ਮੀਲ ਉੱਤੇ (ਹੱਦ ਬਸਤ ਨੰ. 140)
Punjab District Census Hand book No 13 (Amritsar Distt.) 1961, Govt. of Punjab, Chandigarh, 1966

Digitized by Panjab Digital Library | www.panjabdigilib.org

ਚਰਚਾ ਹਇਆ ਜ ਕਬੀਰ ਜੀ ਤੇ ਆਦ ਲੇ ਕਰ ਕਿਤਨੇ ਸਾਧੋਂ ਨੇ ਸਰੀਰ ਸਮੇਤ ਇਸ ਲੋਕ ਕਾ ਤਿਆਗ ਕੀਆ ਹੈ ਅਰ ਗਜਾਤੇ ਆਦਿ ਲੇ ਕਰ। ਤਬ ਸ੍ਰੀ ਗੁਰੂ ਅੰਗਦ ਜੀ ਇਸ ਚਰਚਾ ਕੋ ਸੁਨਿਆ। ਸੁਨ ਕਰ ਸਾਹਿਬ ਭੀ ਅਲੋਪ
29/ੳ ਹੋ ਗਏ।/ਤਬ ਸਭ ਸੰਗਤ ਹੈਰਾਨ ਹੋਇ ਆਈ। ਤਬ ਸਰਬਤ ਨੇ ਸ੍ਰੀ ਗੁਰੂ ਅਮਰ ਜੀ ਸੋ ਅਰਦਾਸ ਕੀਤੀ ਜੋ ਸਾਹਿਬ ਜੀ ਇਹ ਕਉਨ ਚਲਿਤ ਹੋਆ। ਤਬ ਸ੍ਰੀ ਗੁਰੂ ਅਮਰ ਜੀ ਨੇ ਸਤਿਗੁਰ ਕਾ ਹਿਰਦੇ ਵਿਚ ਧਿਆਨ ਕੀਤਾ। ਤਬ ਸ੍ਰੀ ਗੁਰੂ ਅੰਗਦ ਫਿਰ ਸਿੰਘਾਸਨ ਪਰ ਪਰਗਟ ਹੋਇ ਬੈਠੇ। ਤਬ ਸ੍ਰੀ ਗੁਰੂ ਅਮਰ ਜੀ ਅਰਦਾਸ ਕੀਤੀ ਸਚੇ ਪਾਤਸਾਹ ਇਹ ਚਲਿਤ ਸੰਦੇਹ ਅਲੋਪ ਹੋਨੇ ਕਾ ਕਿਸ ਵਾਸਤੇ ਧਰਾ ਥਾ। ਤਬ ਬਚਨ ਹੂਆ ਪੁਰਖਾ ਸਰੀਰ ਸੰਜੁਗਤ ਕਾ ਤਿਆਗਨਾ ਬਡਾ ਪਦਾਰਥ ਨਹੀ ਜੋ ਚੇਤੰਨ ਪੁਰਖ ਇਹਾ ਦੇਹ ਧੈਰ ਕੇ ਆਏ ਹੈ। ਅਉ ਵਾਸਤੇ ਆਦਿ ਲੇ ਕਰ ਤਬ ਦੇਹ ਕਾ ਤਿਆਗ ਕੀਆ ਹੈ। ਅਰ ਦੇਹ ਕਾ ਤਿਆਗਨਾ ਧਰਮ ਹੈ। ਇਸ ਕਾ ਨਾਮ ਮ੍ਰਿਤ ਲੋਕ ਹੈ। ਅਰ ਹਮ ਜੋ ਸਰੀਰ ਸੰਜਗਤ ਗਏ ਤੇ ਤੁਮ ਸਭ ਸੰਗਤ ਮਿਲ ਕਰ ਚਰਚਾ ਕੀਆ ਥਾ। ਸੋ ਹਮ ਨੇ ਸੰਗ੍ਰਹ ਕੀ ਨਿਸਚਾ ਕੇ ਵਾਸਤੇ ਇਹ ਕਰਮ ਕੀਆ ਥਾ। ਹੁਣ ਤੁਸੀ ਚਿਤ ਕੀਆ ਤਿਸ ਕਰਕੇ ਅਸੀ ਫਿਰ ਆਏ ਹਾ। ਤਬ ਸ੍ਰੀ ਗੁਰ' ਅਮਰ ਜੀ ਅਰਦਾਸ ਕੀਤਾ ਆਗੇ ਨਾਮ ਦੇਉ ਜੀ ਜਗਤ ਕਾ ਤਿਆਗਨ ਸਰੀਰ ਸਮੇਤ ਕੀਆ। ਸੰਤਾ ਵਿਚ ਨਾਮ ਦੇਉ ਕੀ ਚਰਚਾ ਹੋਈ। ਤਬ ਫਿਰ ਸਰੀਰ ਕਾ ਇਸ ਲੋਕ ਮੋ ਤਿਆਗ ਕਰ ਕੇ ਪਰਮੇਸਰ ਮੇ ਸਮਾਇ ਗਏ। ਇਸੀ ਵਾਸਤੇ ਅਸਾਂ ਅਰਦਾਸ ਕੀਤੀ ਹੈ ਜੋ ਸਤਿਗੁਰ ਕਾ ਸਰੀਰ ਭੀ ਬ੍ਰਹਮ ਰੂਪ ਹੈ ਅਰ ਸਉ ਸੁਰਤੀ ਬ੍ਰਹਮ ਰੂਪ ਹੈ। ਤਾ ਤੇ ਸਰੀਰ ਕਾ ਤਿਆਗ ਕਰ ਕੇ ਇਸੀ ਲੋਕ ਮੇਂ ਬ੍ਰਹਮ ਰੂਪ ਮੇ ਸਮਾਇ ਹੈ। ਤਬ ਸਤਿਗੁਰ ਬਹੁਤ ਪ੍ਰਸੰਨ ਹੋਏ ਕਹਾ ਪੁਰਖਾ ਤੂ ਧਨ ਹੈ ਜੋ ਕਹੇ ਸੋਈ ਹਮ ਕਰੇਗੇ। ਤਬ ਲਗ ਸਭ ਸਿਧ ਭੀ ਦਰਸਨ ਕੋ ਆਨ ਪਹੁਚੇ ਅਰ ਸਭ ਸਾਧ ਇਕਤ੍ਰ ਹੂਏ। ਤਬ ਸ੍ਰੀ ਗੁਰੂ ਸਾਹਿਬ ਜੋਤੀ ਜੋਤ ਸਮਾਏ ਸੰਮਤ 1608[1] ਚੇਤ ਸੁਦੀ 4 ਚਉਥ ਕੋ ਬਡੇ ਅਨੰਦਤ ਜਨ ਕੋ ਬਿਬਾਨ ਹੂਆ। ਤਬ ਸਰੀਰ ਕਾ ਸਿਸਕਾਰ ਹੂਆ। ਜਹਾ ਸਾਹਿਬ ਰਹਤੇ ਥੇ ਉਸੀ ਅਸਥਾਨ ਪਰ ਦੇਹਰਾ ਹੂਆ। ਕੇਤੇ ਕੁ ਦਿਨ ਗੁਜਰੇ ਸ੍ਰੀ ਗੁਰੂ ਅਮਰ ਜੀ ਸੰਗਤ ਸਾਢ
26,ਅ ਲੇ ਕਰ ਗੋਇੰਦਵਾਲ ਗਏ। ਬੋਲੋ ਵਾਹਿਗੁਰੂ ।/ਸਾਖੀ ਪੂਰਨ ਹੋਈ। 3

ਸਾਖੀ ਹੋਰ ਚਲੀ। ਜਬ ਸਾਹਿਬ ਖਡੂਰ ਮੋ ਆਏ ਤਬ ਅੰਦਰ ਚੋਬਾਰੇ ਕੇ ਬੀਚ ਬੈਠੇ ਰਹੇ। ਕਿਸੀ ਕੋ ਦਰਸਨ ਨਾ ਹੂਆ ਹੋਵੇ। ਜਦ ਆਠ ਰੋਜ ਗੁਜਰੇ ਤਬ ਭਾਈ ਬਲੂ ਕੋ ਸਭ ਸਿਖਾ ਨੇ ਬੂਢੇ ਤੇ ਆਦਿ ਲੇ ਕਰ ਭਾਈ ਬਲੂ ਕੋ ਆਖਿਆ ਜੋ ਸਾਹਿਬ ਕੋ ਬਾਹਰ ਲਿਆਉ। ਜੋ ਸਾਹਿਬ ਨਿਕਲੇ ਦਿਵਾਨ ਲਗੇ। ਤਬ ਬਲੂ ਹਾਥ ਜੋੜ ਕਰ ਅਰਦਾਸ ਕੀਤੀ ਸਚੇ ਪਾਤਸਾਹ ਸਤਿਗੁਰੂ ਕਾ ਵਚਨ

---

1. ਸਹੀ ਸੰਮਤ 1609 ਹੈ ਜੋ 'ਚਲਿਤ੍ ਜੋਤੀ ਜੋਤਿ ਸਮਾਵਨੇ ਕੋ' ਵਿਚ ਹੈ। 'ਬਸਾਵਲੀ ਨਾਮਾ' ਤੇ 'ਮਹਿਮਾ ਪ੍ਰਕਾਸ਼' ਵਿਚ ਵੀ 1609 ਬਿ. ਹੈ।

Digitized by Panjab Digital Library | www.panjabdigilib.org

ਹੋਆ ਜਗਤ ਕੋ ਉਪਦੇਸ ਕਰੀਏ ਬਾਹਰ ਦਿਵਾਨ ਮੋ ਚਲ ਕੇ ਬੈਠੀਏ। ਤਬ ਹੁਕਮ ਹੋਆ ਦਿਵਾਨ ਕਹੁ। ਤਬ ਸਭ ਸਮਿਆਨਾ ਖੜਾ ਹੂਆ। ਸਾਹਿਬ ਸਿਘਾਸਨ ਪਰ ਆ ਬੈਠੇ। ਬਲੂ ਮੋਰ ਛਲ ਲੰਗਾ ਕਰਨੇ। ਤਬ ਸਤਾ ਬਲਵੰਤ ਰਬਾਬੀ ਆਨ ਕਰ ਭਜਨ ਲਗੇ ਕਰਨੇ। ਤਬ ਸੰਗਤ ਕੋ ਆਗਿਆ ਹੋਈ ਕੀ ਵਾਹਗੁਰੂ ਕੇ ਨਾਮ ਦਾ ਜਾਪ ਜਪਨਾ ਅਰ ਸਿਖਾਂ ਕੋ ਸਿਖ ਮਿਲੇ ਤਬ ਪੈਰੀ ਪਵਨਾ ਕਰਨ। ਅਗੇ ਕੋ ਸਿਖ ਸ਼ਤਿਗੁਰੂ ਕਰੇ। ਆਗੇ ਦੋ ਮਹਲਾਂ ਤਕ ਕਰਤਾਰ ਕਰਤਾਰ ਕਰਤੇ ਥੇ ਸਿਖ ਅਰ ਦੋਇ ਮਹਲਾ[1] ਤਕ ਸਾਹਿਬ ਕੋ ਤਪਾ ਜੀ ਕਹਤੇ ਥੇ[2]। ਤੀਸਰੇ ਮਹਲ ਮੋ ਸਤਿਗੁਰ ਕੀ ਸੰਗਿਆ ਚਲੀ। ਤਬ ਆਗਿਆ ਹੋਈ ਮੇਰੇ ਦਰਸਨ ਨੂੰ ਤਬ ਆਵੈ ਜਬ ਮੇਰੇ ਲੰਗਰ ਮੋ ਪ੍ਰਸਾਦਿ ਪਾਇ ਕਰ ਆਵੈ। ਲੰਗਰ ਮੋ ਚਾਰੋ ਬਰਨ ਪ੍ਰਸਾਦਿ ਪਾਵਤਾ ਥਾ ਅਰ ਲੰਗਰ ਜੋ ਸਭਿ ਪ੍ਰਸਾਦਿ ਹੋਤਾ ਥਾ। ਕੜਾਹ ਅਰ ਤਸਮਈ ਅਰ ਸਭਿ ਤਰਹਿ ਕਾ ਪ੍ਰਸਾਦਿ ਸੰਗਤ ਪਾਵਤੀ ਥੀ। ਅਰ ਇਸਤ੍ਰੀ ਜਾਮਾ ਕੋ ਦਰਸਨ ਨਹੀ ਹੋਤਾ ਥਾ। ਅਰ ਸੋਲਾਂ ਬਰਸ ਤਾਈ ਬਾਲਕ ਕੋ ਦਰਸਨ ਨਹੀ ਹੋਤਾ ਥਾ[3]। ਅਰ ਸਤਿਗੁਰ ਤੁਰਕ ਦਾ ਭੀ ਦਰਸਨ ਨਹੀਂ ਕਰਤੇ ਥੇ[4]। ਅਰ ਪਹਰ ਰਾਤ ਕੋ ਕੇਸਾ ਸਮੇਤ ਇਸਨਾਨ ਹੋਤਾ ਥਾ। ਕੇਸਾਂ ਮੇ ਹਮੇਸਾ ਦਹੀ ਪੜਤੀ ਥੀ ਅਸਨਾਨ ਕੇ ਬੇਲੇ। ਫਿਰ ਸਾਹਿਬ ਚੌਬਾਰੇ ਜੀ ਮੋ ਬੈਠਤੇ। ਜਬ ਪ੍ਰਭਾਤ ਹੋਤਾ ਤਬ ਬਲਵੰਤ ਅਰ ਸਤਾ ਸਬਦ ਚਉਕੀ ਕਰਤੇ ਥੇ। ਜਬ ਪਹਰ ਦਿਨ ਚਢਤਾ ਤਬ ਸੰਗਤ ਆਵਤੀ।/ ਤਬ ਦਿਵਾਨ ਲਗਤਾ। ਦਿਵਾਨ ਕੇ ਬੀਚ ਜੋ ਨਾਮ ਕਾ ਜਗਿਆਸੀ ਆਵਤਾ ਉਸ ਕਾ ਮਨੋਰਥ ਪੂਰਾ ਹੋਤਾ ਅਰ ਸਾਹਿਬ ਬਹੁਤ ਪ੍ਰਸੰਨ ਹੋਤੇ। ਬਲੂ ਕੋ ਆਗਿਆ ਹੋਈ ਜੋ ਕਾਮਨਾਵੰਤ ਆਵੈ ਤੇ ਤਿਸ ਕੀ ਭੀ ਕਾਮਨਾ ਪੂਰਨ ਹੋਤੀ। ਉਨ ਕੋ ਸਾਹਿਬ ਕਹਤੇ ਕੀ ਬਲੂ ਅਜ ਕੋਈ ਨਾ ਮਿਲਿਆ। ਜਬ ਦੋ ਪੈਹਰ ਹੁੰਦੀ ਤਬ ਸਾਹਿਬ ਲੰਗਰ ਮੋ ਜਾਤੇ ਸਭ ਸੰਗਤ ਮਿਲ ਪ੍ਰਸਾਦਿ ਪਾਈਤੀ। ਜੋ ਲੰਗਰ ਮੋ ਸਮਗਰੀ ਬਚਤੀ ਸੋ ਜੋ ਕੋਈ ਸੀਧਾ ਚਾਹਤਾ ਉਸ ਕੋ ਸੀਧਾ ਮਿਲਤਾ ਬਾਕੀ ਗਉਆ ਕੋ ਮਿਲਤਾ। ਅਰ ਜੋ ਗਉਆ ਜੋ ਬਚਤਾ ਸੋ ਗੁਰ ਦਰਆਓ ਮੋ ਪਰਤਾ। ਰਾਤ ਕੋ ਗੁਰੂ ਸਾਹਿਬ ਕੇ ਲੰਗਰ ਮੋ ਕੁਛ ਨਹੀ ਰਹਤਾ। ਘੜਿਆ ਮੋ ਜਲ ਭੀ ਨਾ ਰਹਤਾ। ਫਿਰ ਜਬ ਤੀਸਰਾ ਪਹਰ ਹੋਤਾ ਤਬ ਕੇਸੋ ਗੋਪਾਲ ਪੰਡਤ ਕਥਾ ਕਰਤੇ। ਫੇਰ ਰਾਤ ਕੋ ਭੋਜਨ ਹੋਤਾ। ਸਵਾ ਪਹਰ ਰਾਤ ਜਬ ਜਾਤੀ ਤਬ ਸਤਿਗੁਰ ਚੌਬਾਰੇ ਕੋ ਜਾਤੇ ਫੇਰ ,ਸੈਨ ਹੋਤਾ। ਇਆ ਰਹਨੀ ਰਾਤ ਦਿਨ ਕਰ ਰਹਤੀ। ਬੋਲੋ ਵਾਹਗੁਰੂ। 4।

ਸਾਖੀ ਹੋਰ ਚਲੀ। ਏਕ ਦਿਨ ਸਤਿਗੁਰ ਕੀ ਆਗਿਆ ਹੋਈ ਜੋ ਕੋਈ ਮੇਰਾ ਪਰਵਾਰ ਹੈ ਸੋ ਆਨ ਕਰ ਮੇਰੇ ਪਾਸ ਰਹੇ ਸਿਖ ਸੰਗਤਿ ਸਭਿ। ਤਬ

1. ਭਾਵ ਗੁਰੂ ਅੰਗਦ ਦੇਵ ਤਕ
2. ਇਸ ਵਿਚਾਰ ਦੀ ਹੋਰ ਕਿਤੋਂ ਪੁੜਤਾ ਨਹੀਂ ਹੁੰਦੀ
3. ਇਸ ਦੇ ਪਿੱਛੇ ਜੋ ਵਿਚਾਰ ਹੈ, ਉਹ ਗੁਰਮਟ ਦੇ ਅਨੁਕੂਲ ਨਹੀਂ। ਇਉਂ ਅਜਿਹਾ ਸੰਭਵ ਨਹੀਂ ਜਾਪਦਾ
4. ਇਸ ਤੋਂ ਲੇਖਕ ਦੇ ਮਨ ਤੁਰਕਾਂ ਪ੍ਰਤੀ ਹੀਣ ਭਾਵਨਾ ਪ੍ਰਗਟ ਹੁੰਦੀ ਹੈ

Digitized by Panjab Digital Library | www.panjabdigilib.org

ਜੋ ਕੋਈ ਪਟਵਾਰ ਸਿਖ ਸੰਗਤ ਨਿਕਟ ਕਾ ਥਾ ਸਭ ਆਨ ਕਰ ਹਜੂਰ ਮੋ ਬਸੇ। ਅਰ ਮੋਹਰੀ ਸਾਹਿਬ ਅਰ ਮੋਹਨ ਜੀ ਕਾ ਜਨਮ ਹੋਇਆ ਏਕ ਹੀ ਦਿਨ ਮੋ।[1] ਪ੍ਰਥਮੇ ਜਿਨ ਕਾ ਜਨਮ ਹੋਆ ਸੋ ਮੋਹਰੀ ਸਾਹਿਬ ਹੂਏ ਅਰ ਉਪਤ ਮੋ ਜੋ ਜਨਮੇ ਤਿਨ ਕਾ ਨਾਮ ਮੋਹਨ ਸਾਹਿਬ ਹੂਆ। ਅਰ ਦੋਨੋ ਬੀਬੀ ਜੀ ਭੀ ਸਾਹਿਬ ਕੇ ਪਾਸ ਰਹਤੀ ਘਰ ਮੋ। ਗੁਰੂ ਰਾਮਦਾਸ ਸੋਢੀ ਅਰ ਰਾਮਾ ਮੂਹੜੀਏ ਭੀ ਹਜੂਰ ਮੋ ਰਹਤੇ ਥੇ। ਤਬ ਏਕ ਸਮੇ ਬਲੂ ਨੇ ਅਰਦਾਸ ਕੀਤੀ ਸਚੇ ਪਾਤਸਾਹ ਬਿਨਾ ਹਿਬੇਲੀ ਕੇ ਸਿਖਾਂ ਕੀ ਗੁਜਰਾਨ ਕਿਸ ਤਰਹ ਹੋਵੈ। ਸਤੇ ਪਾਤਸਾਹ ਲਕੜੀ ਕੋ ਹੁਕਮ ਹੋਵੇ ਅਮਾਰਤ ਉਠੇ। ਤਬ ਆਗਿਆ ਹੋਈ
27/ਅ ਸਾਵਨ ਮਲ ਕੋ ਗੁਰੂ ਅਮਰ ਜੀ ਕੇ ਭਤੀਜੇ ਥੇ। ਸਾਵਣ ਮਲ ਕੋ ਆਗਿਆ ਹੋਈ ਜੋ ਸਾਵਨ ਮਲ ਹਰੀਪੁਰ ਕੇ ਪਹਾਰ ਪਰ ਜਾਉ। ਰਾਜਾ ਕੋ ਜਾਇ ਕਰ ਕਹੋ ਜੋ ਗੁਰੂ ਕੀ ਆਗਿਆ ਹੈ ਲਕੜੀ ਤਿਆਰ ਕਰ ਕੇ ਦੇਉ। ਤਬ ਸਾਵਨ ਮਲ ਨੇ ਅਰਜ ਕੀਤੀ ਸਚੇ ਪਾਤਸਾਹ ਰਾਜਾ ਤੋ ਗੁਰੂ ਦਾ ਸਿਖ ਨਹੀ। ਤਬ ਬਚਨ ਹੂਆ ਕੀ ਨਾਮ ਸੁਨਤੇ ਹੀ ਮਾਨੇਗਾ। ਤਬ ਸਾਵਨ ਮਲ ਆਗਿਆ ਲੇ ਕਰ ਚਲੇ। ਤਬ ਸਾਵਣ ਮਲ ਕੀ ਮਾਤਾ ਆਨ ਕਰ ਖੜੀ ਹੋਈ। ਅਰਦਾਸ ਕੀਤੀਆ ਸਚੇ ਪਾਤਸਾਹ ਮੇਰੇ ਇਕ ਬੇਟਾ ਹੈ ਓਥੇ ਪਹਾੜ ਪਰ ਡਾਇਨ ਹੈ ਮੇਰੇ ਪੁਤ ਕੋ ਖਇ ਜਾਵੇਗੀ। ਤਬ ਬਚਨ ਹੂਆ ਤੇਰੇ ਪੁਤ੍ਰ ਕੋ ਕੁਛ ਸੰਸਾ ਨਹੀ। ਹਾਥ ਕਾ ਰੋਮਾਲ ਬਖਸ ਹੂਆ ਅਰ ਬਚਨ ਹੋਇਆ ਜਾਦਿ ਜੋ ਕੁਛ ਕੰਮ ਕੀਆ ਚਾਹੇਗਾ ਸੋ ਇਸ ਰੋਮਾਲ ਸੋ ਹੋਵੈਗਾ। ਅਰ ਸਤਿਨਾਮ ਪਢਿ ਕਰ ਜਿਸ ਕੇ ਉਪਰਿ ਰੋਮਾਲ ਫੇਰੇਗਾ ਮੋ ਸਭ ਬਚਨ ਮਨੇਗਾ। ਤਬ ਸਾਵਨ ਮਲ ਹਰੀਪੁਰ ਜਾਇ ਪਹੁੰਚੇ। ਉਹਾ ਰਾਜਾ ਕਾ ਬੇਟਾ ਥਾ ਤਿਨ ਰੋਜ ਲਗ ਡਾਇਨ ਪਕੜਿਆ ਸੀ ਕਿਸੇ ਨਾ ਜੀਵਿਆ। ਤਤ ਜਲਾਵਨੇ ਕੋ ਲੈ ਚਲੇ। ਜਬ ਸਾਵਨ ਮਲ ਕੇ ਨਜੀਕ ਆਏ। ਤਬ ਸਾਵਨ ਮਲ ਨੇ ਆਗਿਆ ਕੀਤੀ ਉਸ ਮੁਰਦੇ ਕੋ ਤਲੇ ਉਤਾਰੋ ਅਸੀ ਗੁਰੂ ਕੇ ਬਚਨ ਕਰਕੇ ਜਿਵਾਲ ਦੇਂਗੇ। ਤਬ ਰਾਜਾ ਰਾਨੀ ਵਜੀਰ ਸਭ ਬਚਨ ਸੁਨ ਕਰ ਆਨ ਖੜੇ ਹੋਏ। ਸਭਨੇ ਪੂਛਾ ਕੀ ਤੂ ਕਉਨ ਹੈ। ਸਾਵਨ ਮਲ ਆਖਿਆ ਮੈ ਸਤਿਗੁਰ ਭੇਜਿਆ ਹਉ ਲਕੜੀਆ ਕੇ ਵਾਸਤੇ। ਤਦ ਸਭ ਰਾਜਾ ਰਾਨੀ ਸਾਵਨ ਮਲ ਕੇ ਚਰਨੋ ਪਰ ਗਿਰ ਪੜੇ। ਤਬ ਸਾਵਨ ਮਲ ਨੇ ਰੋਮਾਲ ਨਿਕਾਲ ਕਰ ਸਤਿਨਾਮ ਕਰ ਕੇ ਫੇਰਿਆ। ਰਾਜੇ ਕਾ ਬੇਟਾ ਉਠ ਖੜਾ ਹੋਆ। ਤਬ ਸਭ ਰਾਣੀ ਰਾਜਾ ਸਾਵਣ ਮਲ ਕੇ ਸਿਖ ਹੋਏ ਅਰ ਲਕੜੀ ਦਰੀਆਓ ਕੇ ਰਾਹ ਚਲਾ ਦੀਆ। ਹਜੂਰ ਕੋ
28/ਉ ਰਾਣੀ ਰਾਜਾ ਮਹਾਰਾਜ ਗੁਰੂ ਕੇ ਦਰਸਨ ਕੋ ਆਏ ਸਾਵਨ ਮਲ ਕੇ/ਸਾਥ। ਤਬ ਸਾਵਨ ਮਲ ਹਜੂਰ ਮੋ ਅਰਦਾਸ ਕੀਆ ਸਚੈ ਪਾਤਸਾਹ ਰਾਜਾ ਰਾਣੀ ਸਤਿ ਦਰਸਨ ਕੋ ਆਏ ਅਰ ਲਕੜੀਆ ਭੀ ਆਈਆ ਹਨ। ਤਬ ਬਚਨ ਹੋਆ

---

1. 'ਮਹਿਮਾ ਪ੍ਰਕਾਸ਼' ਵਿਚ ਇਉਂ ਹੀ ਹੈ ; ਪਰ ਜਨਮਪ੍ਰਣਾਲੀਆਂ ਅਨੁਸਾਰ ਮੋਹਨ ਤੇ ਮੋਹਰੀ ਦੇ ਜਨਮ ਵਿਚ ਤਿੰਨ ਸਾਲ ਦਾ ਅੰਤਰ ਹੈ।

Digitized by Panjab Digital Library | www.panjabdigilib.org

ਰਾਜਾ ਆਵੈ ਰਾਨੀ ਮੋਰੇ ਸਨਮੁਖ ਨਾ ਆਵੈ ਅਰ ਜੋ ਆਵੈ ਤੋ ਮੁਖ ਖੋਜ ਕਰ ਸਪੈਦ ਕਪੜੇ ਪਹਰ ਕੇ ਆਵੈ । ਜਬ ਸਭ ਰਾਨੀ ਜਿਸ ਤਰਹ ਹੁਕਮ ਹੋਆ ਤਿਸ ਤਰਹੁ ਦਰਸਨ ਕੋ ਆਏ । ਸਭ ਕੋ ਖੁਸੀ ਹੋਈ । ਅਰ ਬਚਨ ਕੀਆ ਜੋ ਸਾਵਨ ਮਲ ਹੀ ਤੁਸਾਡਾ ਗੁਰੂ ਹੈ । ਸਾਵਨ ਮਲ ਨੂੰ ਮੰਨੇਗਾ ਸੋ ਅਸਾਨੂੰ ਮੰਨੇਗਾ । ਤਬ ਸਭ ਬਿਦਾ ਹੋਏ । ਏਕ ਰਾਨੀ ਨੇ ਹਜੂਰ ਕੋਠੇ ਰੋ ਕਪੜਾ ਡਾਲਾ । ਜਬ ਬਾਹਰ ਆਏ ਤਬ ਰਾਨੀ ਬੋਰਾਇ ਗਈ । ਨਗਨ ਹੋ ਘਰ ਬਨ ਕੋ ਚਲਤੀ ਹੋਈ । ਸਭ ਰਾਜਾ ਲੋਕ ਅਪਣੇ ਰਾਜ ਕੋ ਗਏ । ਇਆ ਪ੍ਰਥਮੇ ਮੰਜੀ ਗੁਰਿਆਈ ਕਾ[1] ਬਚਨ ਸਾਵਣ ਕੋ ਭਇਆ । ਬੋਲੋ ਵਾਹਿਗੁਰੂ । 5 ।

ਸਾਖੀ ਹੋਰ ਚਲੀ । ਏਕ ਟਹਲੀਆ ਲੰਗਰ ਕਾ ਲਕੜੀ ਕੀ ਟਾਲ ਕਰਤਾ ਥਾ ਅਰ ਏਕ ਕੰਬਲ ਉਪਰਿ ਰਖਤਾ ਥਾ । ਅਰ ਸਚਨ ਸਚ ਨਾਮ ਜਪਤਾ ਥਾ । ਏਕ ਦਿਨ ਲਕੜੀ ਕੋ ਗਇਆ । ਵਹੀ ਰਾਨੀ ਬਹੁਰਾਨੀ ਨੇ ਦੰਦਾ ਸੋ ਟਹਲੀਏ ਕੋ ਕਾਟ ਨੋਦਾ । ਤਬ ਲਕੜੀ ਲੇ ਆਇਆ । ਲਕੜੀ ਲੰਗਰ ਮੋ ਦੇ ਕਰ ਸਾਹਿਬ ਕੇ ਪਾਸ ਆਇ ਕਰ ਅਰਦਾਸ ਕੀਤੀ । ਗਰੀਬ ਨਿਵਾਜ ਉਆ ਰਾਜਾ ਕੀ ਰਾਨੀ ਜੋ ਕਮਲੀ ਹੋਈ ਥੀ ਸੋ ਮੈਨੂੰ ਕਾਟਾ ਹੈ ਅਹ ਨੰਦਿਆ ਹੈ । ਤਬ ਬਚਨ ਹੋਇਆ ਤੂ ਏਕ ਚਰਨਦਾਸੀ[2] ਲੇ ਜਾਇ ਕਰ ਉਸ ਕੋ ਸਿਰ ਪਰ ਮਾਰ । ਉਆ ਅਛੀ ਹੋਵੈਗੀ । ਤਦ ਹਜੂਰ ਮੋ ਲੇ ਆਵਹੁ । ਤਬ ਟਹਲੀਏ ਨੇ ਜੋ ਬਚਨ ਹੋਆ ਸੋ ਕੀਆ । ਤਬ ਵਹ ਸੁਚੇਤ ਹੋਈ । ਉਸ ਕੋ ਕਮਲੀ ਚਿਢਾਇ ਕੇ ਹਜੂਰ ਮੋ ਲੇ ਆਇਆ । ਤਬ ਆਗਿਆ ਹੋਈ ਇਆ ਰਾਨੀ ਚੰਗੀ ਟਿਸਤੀ ਹੋਈ । ਅਬ ਤੂ ਇਸ ਕੋ ਘਰ ਲੈ ਜਾਹਿ । ਤੇਰੀ ਟਹਲ ਥਾਹਿ ਪਟੀ । ਤੂ ਸਤਿਨਾਮ ਜਾ ਮੰਤ੍ਰ ਜਪ । ਅਰ ਜਗਤ ਕੋ ਜਪਾਇ । ਜੋ ਤੈਨੂੰ ਮਨੇਗਾ । ਦੋਨੋ ਪੈਰਾ ਦੀ ਚਰਨਦਾਸੀ ਉਸ ਕੋ ਮਿਲੀ । ਬਚਨ ਹੋਆ ਜਿਸ ਨੋ ਚਾਹਵੈਗਾ ਓਸ ਕਾ ਸਭ ਦੁਖ ਦੂਰ ਹੋ ਜਾਇਗਾ । ਤਬ ਵੈ ਵਿਦਾ ਹੋਏ ਸੰਪੂਪੂਰਾ ਹਰਨ ਮੁਨਾਰਾ ਸੋ ਜਾਇ ਬਸੇ । ਚਰਨ ਦਾਸੀ ਕੀ ਪੂਜਾ ਹੈ । ਓਨ ਕੇ ਸਥਨਿ ਸਭ ਕੇ ਕਹਾਵਤੇ ਹੈ । ਇਹ ਦੂਜਾ ਬਕਸ ਹੂਆ ਮੰਜੀ ਕੋ । ਬੋਲੋ ਵਾਹਿਗੁਰੂ

28/ਅ

ਜੋ ਲਕੜੀ ਸਾਵਣ ਮਲ ਕਿਆ ਥਾ । ਸਤਿਗੁਰੂ ਕੀ ਆਗਿਆ ਹੋਈ । ਪੰਚ ਹਥੋਲੀ ਦਾਸੂ ਦਾਤੂ ਕਉ ਬਚਨ ਦਿਆ ਅਰ ਪੰਚ ਬਚਨ ਮੋਹਰੀ ਮੋਹਨ ਕਉ ਬਚਨ ਹੋਇਆ । ਸਭਿ ਕੋਈ ਅਪਨੀ ਹਵੇਲੀ ਬਨਾਇ ਲੇਵਹੁ । ਗੁਰੂ ਜੀ ਕੇ ਚਰਨੰ ਕੇ ਆਸਰੇ ਬਾਈਸ ਜਾਤ ਖਤ੍ਰੀ ਸਾਹਿਬ ਕੇ ਪਾਸ ਆਇ ਬਸੇ । ਸਭਿ ਲੰਗਰ ਸੋ ਪ੍ਰਸਾਦਿ ਪਾਨ ਪਾਵਤੇ ਜਾ ਏਕ ਸਿਖ ਸਿਖ ਸਭ ਮਿਲ ਕਰ । ਏਕ ਦਿਨ ਸਭ ਸੰਗਤ ਨੇ ਗੁਰੂ ਜੀ ਪ ਹਜੂਰੇ ਅਰਦਾਸਾ ਕੀਤੀਆ ਸਚੇ ਪਾਤਸਾਹ ਹਮ ਸਭ ਤੋ ਲੰਗਰ ਸੋ ਪ੍ਰਸਾਦਿ ਕਰਤੇ ਹੈ ਹਮਰੀ ਗੁਜਰ ਹੋਈ । ਬੇਟੀ ਬੇਟਾ ਬਿਆਹੁ ਚਾਹੀਐ ਅਰ ਜਗਤ ਕੀ ਭਰਤਨ ਬਿਨਾ ਮਾਇਆ ਉਦਮ ਨਹੀ ਹੋਤਾ ।

---

1. ਮੰਜੀ ਸੰਸਥਾ ਗੁਰਿਆਈ ਨਾਲ ਨਹੀਂ, ਸੰਗਤ ਦੇ ਸੰਗਠਨ ਨਾਲ ਸੰਬੰਧਿਤ ਸੀ ।
2. ਨਿਹੰਗ ਸਿੰਘਾਂ ਦੇ ਬੋਲੇ ਅਨੁਸਾਰ ਦਤਾਰੂ ਵਾਸਤੇ ਵਿਸ਼ੇਸ਼ ਸ਼ਬਦ- ਮਹਾਨ ਕੋਸ਼, 1960, 281.

Digitized by Panjab Digital Library | www.panjabdigilib.org

ਸੋ ਜੋ ਮਰਜੀ ਹੋ ਸੋ ਕਰੇ । ਤਬ ਬਚਨ ਹੁਆ ਸੋ ਕਪੜੇ ਕੇ ਸੂਦਨੋਂ ਬਨਾਵੇ ਤੁਮ ਜੇਤੇ ਬਨਾਇ ਸਕੋ। ਤਬ ਸੰਗਤ ਦਸੰਤਰ ਕੀ ਦਰਸਨ ਕੋ ਆਵੈ ਤਬ ਪਾਂਚ ਪਕੇ ਸੇਰ ਬੇਚਨਾ। ਸਰਬਤ ਸੰਗਤ ਕੋ ਹੁਕਮ ਹੋਆ ਜੋ ਏਕ ਏਕ ਸੂਦਨਾ ਅਪਣੇ ਪ੍ਰਾਣੀ ਪਿਛੇ ਲੇਨਾ। ਜੋ ਸੰਗਤ ਆਵੈ ਸੋ ਸਭ ਏਕ ਸੂਦਨਾ ਲਗੀ ਲੇਣੇ। ਸਿਖੋ ਕਾ ਬਡਾ ਰੋਜਗਾਰ ਹੋਆ। ਹਜਾਰੋ ਕਾ ਸੂਦਣਾ ਲਗਾ ਬਿਕਨੇ। ਸਿਖ ਰਾਜੇ ਹੋਇ ਗਏ। ਉਸ ਜਾਗਹ ਕੇ ਚੌਧਰੀ ਮਰਵਾਹੇ ਥੇ ਖਤ੍ਰੀ। ਜਬ ਗੁਰੂ ਕੇ ਮਹਲ ਕੀ ਤਰਹ ਉਨਾ ਦੇਖਾ ਤਬ ਉਨਾ ਆਖਿਆ ਅਸਾਨੂੰ ਜਿਮੀਦਾਰੀ ਦਾ ਮਹੀਨਾ ਰੋਕ[2] ਮਿਲੇ। ਅਸੀ ਲੰਗਰ ਸੋ ਨਹੀ ਕੁਛ ਲੇਤੇ।

29/ੳ ਜਦ ਉਨਾ/ਬਹੁਤ ਖੇਚਲ ਕੀਤੀ। ਤਦ ਆਗਿਆ ਹੋਈ ਆਜ ਸੇ ਸਤਵੇ ਦਿਹਾੜੇ ਜੋ ਕੁਛ ਤੁਮ ਕੋ ਦੇਨਾ ਹੈ ਸੋ ਦੇਵਿਗੇ। ਤਬ ਉਸ ਕੇ ਸਤਵੇਂ ਦਿਹਾੜੇ ਏਕ ਸੂਬਾ ਆਇਆ ਨਦੀ ਕਿ ਕਿਨਾਰੇ ਆਨ ਉਤਰਿਆ। ਏਕ ਖਚਰ ਉਸ ਕੀ ਮੋਹਰਾ ਕੀ ਚੁਰਾਈ ਗਈ। ਤਬ ਉਸ ਨੇ ਉਹਾ ਕੇ ਜੋ ਸਰਦਾਰ ਕੋ ਬੁਲਾਵਣੇ ਕਾ ਹੁਕਮ ਕੀਤਾ। ਸੋ ਉਹੀ ਮਰਵਾਹੇ ਉਹਾ ਕੇ ਜਿਮੀਦਾਰ ਥੇ। ਤਬ ਚਾਰੋ ਬੇਟੇ ਗੋਇੰਦ ਕੇ ਆਣ ਕੇ ਰੁਜੂ ਹੋਇ। ਤਬ ਸੂਬੇਦਾਰ ਨੇ ਹੁਕਮ ਕੀਤਾ ਕੀ ਇਨਾ ਚਾਰੋ ਕੋ ਫਾਸੀ ਦੇਹ। ਚਾਰੋ ਕੋ ਫਾਸੀ ਮਿਲੀ। ਤਬ ਉਨ ਕੀ ਮਹਤਾਰੀ ਨੇ ਗਰੂ ਜੀ ਕੇ ਆਗੇ ਆਨ ਕੇ ਬਹੁਤ ਬਿਰਲਾਪ ਕੀਆ। ਗਰੀਬ ਨਿਵਾਜ ਮੇਰੇ ਬੇਟੇ ਨੇ ਜੋ ਕੀਤਾ ਸੋ ਪਾਇਆ। ਅਬ ਮੇਰੀ ਸੰਤਾਨ ਕੀ ਬੀਜ ਰਹੇ। ਤਬ ਬਚਨ ਹੋਆ ਤੇਰੇ ਏਕੇ ਸੇ ਬਹੁਤ ਹੋਵਨਗੇ। ਜੈਸਾ ਉਨਾ ਨੇ ਕੀਤਾ ਸੋ ਪਾਇਆ। ਜਬ ਵਾਹਗੁਰੂ ਕੇ ਜਾਪ ਕਾ ਪ੍ਰਕਾਸ ਬਹੁਤ ਹੋਆ। ਅਰ ਲਾਖ ਸੰਗਤ ਗੁਰੂ ਕੀ ਪ੍ਰਸਾਦਿ ਲਗੇ ਲੰਗਰ ਸੋ ਪਾਵਣੇ। ਤਬ ਏਕ ਤਪਾ ਬ੍ਰਹਮਣ ਓਥੇ ਰਹਤਾ ਥਾ। ਬੀਰਬਲ[3] ਕਾ ਗੁਰੂ ਥਾ। ਤਬ ਸਤਿਗੁਰ ਕੀ ਮਹਮਾ ਦੇਖ ਕਰ ਹੰਕਾਰ ਮੋ ਬਹੁਤ ਸੜਿਆ। ਬਹੁਤ ਬ੍ਰਹਮਣ ਇਕਠੇ ਕਰ ਕੇ ਅਕਬਰ ਬਾਦਸਾਹ ਕੋ ਫਰਿਆਦ ਕੀਤੀ, ਤੇਰੀ ਬਾਦਸਾਹੀ ਮੇ ਬਡਾ ਉਤਪਾਤ ਲਗਾ ਹੋਵਨੇ। ਗੁਰੂ ਅਮਰ ਜੀ ਚਾਰੋ ਬਰਨ ਕੋ ਇਕਠਾ ਪ੍ਰਸਾਦਿ ਪਵਾਵਤੇ ਹੈ। ਅਰ ਰਾਮ ਨਾਮ ਕਾ ਛੰਡ ਕਰ ਵਾਹਗੁਰੂ ਕਾ ਮੰਤ੍ਰ ਕੀਆ ਹੈ ਅਰ ਅਪਨਾ ਆਪ ਜਮਾਵਤੇ ਹੈ। ਗਾਇਤ੍ਰੀ ਮੰਤ ਕਿਸੇ ਕੋ ਪਢਨ ਨਹੀ ਦੇਤੇ। ਇਸ ਸੋ ਰਾਜ ਨਸਟ ਹੋਤਾ ਹੈ। ਮਰਜਾਦਾ ਧਰਮ ਛੁਟਤਾ ਜਾਤਾ ਹੈ। ਤਬ ਬਾਦਸਾਹ ਨੇ ਏਕ ਅਹਦੀ ਗੋਇੰਦਵਾਲ ਸੋ ਭੇਜਾ ਜੋ ਬਾਹਮਣਾ ਕਾ ਜਵਾਬ ਸਬਾਬ ਕਰ ਦੀਜੀਏ। ਤਦ ਸਤਿਗੁਰ ਨੇ ਗੁਰੂ ਰਾਮਦਾਸ ਜੀ ਕੋ ਬੁਲਾਇਆ।

29/ਅ ਤਦ ਨਾਮ ਗੁਰੂ ਜੀ ਕਾ ਜੇਠਾ ਥਾ। ਆਗਿਆ ਹੋਈ/ਜੇਠਾ ਤੁਸੀ ਜਾਹੋ ਪਾਤਸਾਹ

---

1. ਤੋਲੀਏ
2. ਉਸੇ ਸਮੇਂ ਨਕਦ ਰੂਪ ਵਿਚ ਪੈਸਾ ਤਾਰਨਾ Wilson, H. H., *A Glossary of Judicial and Revenue terms* p. 445
3. ਭੱਟ ਵੰਸ ਦਾ ਬ੍ਰਾਹਮਣ ਜੋ ਬਾਦਸ਼ਾਹ ਅਕਬਰ ਦਾ ਮੰਤਰੀ ਬਣਿਆ। ਇਹ ਯੂਸਫਜਈ ਪਠਾਣਾਂ ਵਿਰੁੱਧ ਮੁਹਿੰਮ ਵਿਚ 1586 ਈ. ਨੂੰ ਮਾਰਿਆ ਗਿਆ।

Digitized by Panjab Digital Library | www.panjabdigilib.org

ਕੇ ਪਾਸ ਜਾ ਕਰ ਜੋ ਜਬਾਬ ਸਵਾਲ ਕਹੇ ਸੋ ਕਰੇ । ਤਬ ਜੇਠਾ ਨੇ ਆਖਿਆ ਗਰੀਬ ਨਿਵਾਜਾ ਅਸਾਨੂ ਤਾ ਤੇਰੇ ਨਾਮ ਸਵਾਇ ਕਛੁ ਜਬਾਬ ਸਵਾਲ ਆਵਦਾ ਨਹੀ । ਤਬ ਬਚਨ ਹੋਆ ਜੇ ਕੋਈ ਤੁਸਾਂ ਪਾਸੋ ਪੁਛੈਗਾ ਤਦ ਅਪਣੇ ਦਾਹਣੇ ਮੋਢੇ ਵਲ ਦੇਖ ਕਰ ਕਹਨਾ । ਮੈ ਤੇਰੇ ਅੰਗ ਸੰਗ ਰਹਾਂਗਾ । ਕੁਛ ਚਿੰਤਾ ਨਹੀਂ ਕਰਨੀ । ਤਦ ਅਹਦੀ ਕੇ ਸਾਥ ਲਾਹੌਰ ਮੋ ਆਏ । ਸਭ ਬ੍ਰਹਮਨ ਤਪਾ ਸਮੇਤ ਜੇਠਾ ਜੀ ਕੋ ਲੇ ਕਰ ਅਕਬਰ ਕੇ ਸਾਮਨੇ ਆਏ । ਤਬ ਬਾਦਸਾਹ ਨੇ ਕਹਾ ਕੀ ਇਹ ਸਭ ਬ੍ਰਹਮਣ ਕਹਤੇ ਹੈ । ਕੀ ਰਾਮ ਨਾਮ ਕਾ ਜਾਪ ਛੋਡਿ ਦੀਆ ਹੈ ਅਰ ਆਪਣਾ ਜਾਪ ਜਪਾਵਤੇ ਹੈ । ਜੋ ਗੁਰੂ ਨੇ ਤੁਮ ਕੋ ਜਾਪ ਦੀਆ ਹੈ ਸੋ ਤੁਮ ਮੇਰੇ ਤਾਈ ਸੁਨਾਵੋ । ਤਬ ਸਤਿਗੁਰ ਕਾ ਮੰਤ੍ਰ ਅਰ ਬਾਨੀ ਆਗੇ ਸਭਾ ਕੇ ਬੀਚ ਸੁਨਾਈ ਤਬ ਬਾਦਸਾਹ ਬਹੁਤ ਪ੍ਰਸੰਨ ਭਇਆ ਅਰ ਬ੍ਰਹਮਣ ਕੋ ਝੂਠਾ ਕੀਆ ਕੀ ਇਸ ਬਾਨੀ ਮੋ ਤੋ ਸਾਰ ਰਾਮ ਨਾਮ ਹੈ ਪਰ ਸਾਹਿਬ ਕੀ ਸਿਫਤ ਭਰੀ ਹੈ । ਤੁਮ ਲੋਕ ਸਾਹਿਬ ਕੋ ਲੋਕੋ ਕੀ ਨਿੰਦਾ ਕਰਤੇ ਹੋ । ਤਬ ਬ੍ਰਹਮਣਾ ਆਖਿਆ ਕੀ ਪਾਤਸਾਹ ਸਲਾਮਤ ਹਮਾਰਾ ਧਰਮ ਹਿੰਦੂ ਕਾ ਹੈ। ਹਿੰਦੂ ਕੀ ਗਾਇਤ੍ਰੀ ਹੈ ਅਰ ਮੁਸਲਮਾਨਾ ਕਾ ਕਲਮਾ[1] ਹੈ । ਸੋ ਇਨ ਕੋ ਤੋ ਗਾਇਤ੍ਰੀ ਆਵਤੀ ਨਹੀ । ਇਨ ਲੋਗੋਂ ਕੋ ਗਾਇਤ੍ਰੀ ਕਾ ਉਚਾਰ ਕਰਾਈਐ । ਤਬ ਬਾਦਸਾਹ ਨੇ ਕਹਾ ਕੀ ਤੁਮ ਗਾਇਤ੍ਰੀ ਭੀ ਇਨ ਕੋ ਸੁਨਾ ਦੇਓਹੁ । ਤਬ ਜੇਠਾ ਜੀ ਗਾਇਤ੍ਰੀ ਕਾ ਮੰਤ੍ਰ ਭੀ ਸੁਨਾਇ ਦਿਤਾ । ਐਸਾ ਉਚਾਰ ਹੂਆ ਗਾਇਤ੍ਰੀ ਕਾ ਜਲ ਦਰੀਆਉ ਕਾ ਚਲਣੇ ਸੋ ਰਹਤ ਹੋਆ ਅਰ ਬਾਦਸਾਹ ਕੋ ਭੀ ਸਮਾਧ ਅਸਥਿਤ ਭਈ । ਅਰ ਜਿਨਾ ਕੋ ਸਬਦ ਸੁਨ ਪਰਾ ਸੋ ਸਭ ਬਚਨ ਸੋ ਬੰਦ ਹੋ ਗਏ । ਘਰ ਕਿਸੀ ਕੋ ਹਾਲ ਰਹੀ ਨਹੀਂ । ਪਾਰਾ ਭਰ ਤਨ ਸਭ ਸੁਨ ਹੋਇ ਗਏ । ਤਬ ਅਕਬਰ ਨੇ ਕਹਾ ਕੀ ਤੁਮ ਕੁਛ ਜਾਨਤੇ ਨਹੀ ਜੋ ਕੁਛ ਪਦਾਰਥ ਹੈ ਸੋ ਇਨ ਕੇ ਪਾਸ ਹੈ । ਸਭ ਝੂਠੇ ਹੋ ਕਰ/ਉਠ ਗਏ । ਅਰ ਜੇਠਾ ਜੀ ਕੋ ਬਚਨ ਹੋਆ ਜੋ ਗੁਰੂ ਜੀ ਆਗੇ ਬੇਨਤੀ ਕਰਨੀ ਅਰ ਦੁਨੀਆ ਕਹਤੀ ਹੈ ਸੋ ਨਿਦਾਨ ਹੈ ਸਾਹਿਬ ਜੋ ਹੈ ਸੋਈ । ਤਬ ਜੇਠਾ ਜੀ ਬਿਦਾ ਹੋ ਕਰ ਗੋਇੰਦਵਾਲ ਕੋ ਆਏ । ਜਬ ਬਜਾਰ ਥਾਨ ਬਾਫਤੇ[2] ਕੇ ਦੇਖੇ । ਤਬ ਮਨ ਸੋ ਸਰਧਾ ਕੀਆ ਜੋ ਅਸਾਡੇ ਪਾਸ ਰੁਪਏ ਹੋਤੇ ਤੋ ਸਤਗੁਰ ਕੇ ਪਹਰਨੇ ਕੋ ਬਸਤ੍ਰ ਲੇਤੇ । ਅਰ ਸਤਿਗੁਰ ਕੀ ਮੂਰਤ ਕਾ ਧਿਆਨ ਕਰ ਕੇ ਲਗੇ ਮਨਸਾ ਮੋ ਬਸਤ੍ਰ ਪਹਰਾਵਣੇ । ਤਬ ਸ਼ਤਿਗੁਰੂ ਜੀ ਗੋਇੰਦਵਾਲ ਮੋ ਲਗੇ ਸਿੰਘਾਸਨ ਪਰ ਬੈਠ ਕਰ ਜੇਠਾ ਕਾ ਭਾਓ ਬਿਚਾਰ ਕੇ ਗੋਡਾ ਪਰ ਹਾਥ ਫੇਰਨੇ ਲਗੇ । ਅਰ ਸਿਰ ਪਰ ਹਾਥ ਪਗਰੀ ਪਰ ਫੇਰਨੇ ਲਗੇ । ਅਰ ਖੜੇ ਹੋ ਕਰ ਨੀਮਾ[3] ਪਹਰਨੇ ਲਗੇ । ਜੇਠਾ ਜੀ

30/ੳ

---

1. ਇਸਲਾਮੀ ਮੂਲ ਮੰਤ੍ਰ
ਲਾ ਇਲਾਹ]ਇੱਲਇਲ੍ਹਾ ਮਹੁੰਮਦਰਸੂਲੱਲਾਹ—ਪਰਮਾਤਮਾ ਤੋਂ ਬਿਨਾ ਹੋਰ ਕੋਈ ਪੂਜਣ ਜੋਗ ਨਹੀਂ, ਮਹੁੰਮਦ ਉਸ ਰਾਹੀ ਭੇਜਿਆ ਪੈਗੰਬਰ ਹੈ
2. ਕੱਦਿਆ ਹੋਇਆ ਰੇਸ਼ਮੀ ਕਪੜਾ
3. ਛੋਟਾ ਅੰਗਾ

Digitized by Panjab Digital Library | www.panjabdigilib.org

ਜੋ ਅੰਤਰ ਬਾਸਨਾ ਕੀਆ ਮਨਸਾ ਕਰਤੇ ਸੋ ਸਭ ਸਤਿਗੁਰ ਜੀ ਨੇ ਪੂਰਨ ਕੀਆ। ਤਦ ਭਾਈ ਬਲੂ ਨੇ ਅਰਦਾਸ ਕੀਤੀ ਜੋ ਗਰੀਬ ਨਿਵਾਜ ਇਹ ਕਉਨ ਸੁਭਾਵਕ ਹੋਤਾ ਹੈ। ਤਦ ਆਗਿਆ ਹੋਈ ਬਲੂ ਜੇਠਾ ਕਾ ਭਾਉ ਕੇ ਕਪੜੇ ਪਹਰਤੇ ਹੈ। ਜੇਠਾ ਲਾਹੌਰ ਕੇ ਬੀਚ ਸੋ ਕਪੜੇ ਭਾਉ ਕਰ ਕੇ ਪਹਰਾਉ ਦਾ ਹੈ ਅਸੀ ਪਹਰਤੇ ਹੈ। ਤਬ ਜੇਠਾ ਜੀ ਉਸ ਬਜਾਰ ਸੋ ਆਗੇ ਆਏ। ਬਿਨਾ ਰੁਤ ਕੇ ਆਮ ਬਿਕਤੇ ਦੇਖੇ। ਤਬ ਪੂਛਾ ਕੀ ਇਨਾ ਆਮਾ ਕੇ ਕਿਆ ਮੋਲ ਹੈ। ਤਦ ਓਨੇ ਕਹਾ ਰੁਪਈਏ ਕਾ ਇਕ ਆਮ ਦੇਤੇ ਹੈ। ਤਦ ਏਕ ਰੁਪੀਆ ਦੇ ਕਰ ਏਕ ਆਮ ਲੀਆ। ਲੇ ਕਰ ਗੋਇੰਦਵਾਲ ਕੋ ਚਲੇ। ਜਬ ਗੋਇੰਦਵਾਲ ਕੇ ਨਜਦੀਕ ਆਏ ਦੋ ਕੋਸ ਪਰ ਤਬ ਆਮ ਗਲ ਗਇਆ ਅਰ ਫੂਟ ਕਰ ਬਹ ਗਇਆ। ਤਬ ਜੇਠਾ ਜੀ ਨੇ ਗੁਰੂ ਕਾ ਸਿਮਰਨ ਕਰ ਕੇ ਆਪਨੇ ਮੁਖ ਮੋ ਪਾਇ ਲੀਆ। ਤਬ ਗੁਰੂ ਜੀ ਨੇ ਮੁਖ ਸੋ ਸੋ ਗੁਠਲੀ ਆਮ ਕੀ ਨਿਕਾਲ ਕਰ ਬਲੂ ਕੋ ਦੀਆ ਕੀ
30/ਅ ਆਲੇ ਪਰ ਧਰ ਰਖੋ। ਤਬ ਬਲੂ ਨੇ ਆਲੇ ਮੇ ਰਖਾ। ਤਿਤਨੇ ਮੋ[ਜੇਠਾ ਜੀ ਜ ਦਿ ਕਰ ਸਤਿਗੁਰ ਕੇ ਦਰਸਨ ਮੋ ਪ੍ਰਾਪਤ ਹੂਏ। ਤਬ ਸਾਹਿਬ ਬਹੁਤ ਖੁਸ ਹੋਏ। ਅਰ ਬਚਨ ਹੋਆ ਜੇਠਾ ਉਥੇ ਕਾ ਬਿਰਤਾਤ ਸੁਨਾਉ। ਤਬ ਪਾਤਸਾਹ ਕਾ ਬਿਰਤਾਂਤ ਸਭ ਸੁਨਾਇਆ। ਫੇਰ ਅਰਦਾਸ ਕੀਤੀ ਕੀ ਸਚੇ ਪਾਤਸਾਹੋ ਮੈ ਕਪੜੇ ਦੇਖਾ ਅਛੇ ਅਛੇ। ਤਬ ਮੈ ਸਰਧਾ ਕੀਤੀ ਸਾਡੇ ਪਾਸ ਰੁਪਏ ਨਹੀ ਤੋ ਗੁਰੂ ਜੀ ਕੇ ਕਪੜੇ ਲੇਤੇ। ਤਬ ਸਾਹਿਬੋ ਕਹਾ ਹਮ ਸਭ ਕਪੜੇ ਤੇਰੇ ਭਾਉ ਕਾ ਪੈਹਰਾ ਹੈ। ਤਬ ਜੇਠਾ ਜੀ ਨੇ ਅਰਦਾਸ ਕੀਤੀ ਕੀ ਮੈ ਏਕ ਆਮ ਲਿਤਾ ਸਤਿਗੁਰ ਕੋ। ਜਬ ਦੋਇ ਕੋਸ ਬਾਕੀ ਰਹਾ ਤਬ ਆਮ ਫੂਟ ਗਇਆ ਅਰ ਬਹਨੇ ਲਗਾ। ਤਦ ਸਤਿਗੁਰ ਕਾ ਧਿਆਨ ਕਰ ਕੇ ਮੈ ਨੇ ਪਾਖਿ ਲੀਆ। ਤਬ ਬਚਨ ਹੂਆ ਬਲ ਗੁਠਲੀ ਪਰੀ ਹੈ ਸੋ ਲਿਆਵੋ। ਤਦ ਬਲੂ ਨੇ ਗੁਠਲੀ ਆਨ ਕੇ ਦਿਤੀ। ਤਬ ਬਚਨ ਹੋਆ ਜੇਠਾ ਅਸੀ ਆਪ ਭੀ ਖਾਇਆ। ਤੇਰੇ ਮੁਖ ਭਾਉ ਸੋ ਗੁਠਲੀ ਸਾਡੇ ਮੁਖ ਮੋ ਸੋ ਨਿਕਲੀ। ਤਬ ਜੇਠਾ ਜੀ ਨੇ ਮਥਾ ਟੇਕਾ। ਸਤਿਗੁਰ ਕੀ ਬਡੀ ਪੁਨੀ ਹੋਈ। 6।

ਸਾਖੀ ਹੋਰ ਚਲੀ। ਬੋਲੋ ਵਾਹਿਗੁਰੂ। ਸ੍ਰੀ ਸਤਿਗੁਰ ਸਾਹਿਬ ਦਇਆਲ ਮੂਰਤ ਪਰਉਪਕਾਰ ਕੇ ਨਮਿਤ ਹਰਦੁਆਰ ਕੋ ਜਾਨੇ ਕੀ ਤਿਆਰੀ ਕਰੀ। ਤਦ ਸਰਬਤ ਸਿਖ ਸੰਗਤ ਸਤਿਗੁਰ ਕੇ ਚਰਨੋ ਸਾਥ ਚਲੀ। ਪ੍ਰਿਥਮੇ ਨੁਰਛੇਤ੍ਰ ਕੋ ਜਾਇ ਪ੍ਰਾਪਤ ਭਏ ਤਾ ਸਰਬਤ ਕੋ ਦਰਸਨ ਭਇਆ। ਸਭ ਕ੍ਰਿਤਾਰਥ ਭਈ ਸਾਹਿਬੋ ਕਾ ਦਰਸਨ ਕਰ ਕੋ ਸਭ ਨਿਹਾਲ ਭਈ। ਤਬ ਅਨਦ ਕੀਰਤਨ ਹੋਏ ਵਾਹਿਗੁਰੂ ਕਾ ਜਾਪ ਜਾਪਤੇ। ਸਾਹਿਬੋ ਕੇ ਦਰਸਨ ਕੋ ਸੁਰ ਨਰ ਪੁਰ ਜਨਾ ਚੋਦ ਲੋਕ ਕੇ ਜਿਤਨੇ ਮਹਾਪੁਰਖ ਸਭ ਦਰਸਨ ਕੋ ਆਏ। ਜਿਨੇ ਦਰਸਨ ਕੀਆ ਸੋ ਸਭ ਨਿਸਾਨ ਕੋ ਪ੍ਰਾਪਤ ਹੋਏ। ਸਰਬ ਪਾਪੋ ਕਾ ਨਾਸ ਭਇਆ। ਖਟ ਦਰਸਨ ਸਭ
31/ਉ ਚਰਚਾ ਕਰ ਕਰ ਅਪਨਾ ਮਨ ਪੋਖਨ ਕੀਆ। ਪ੍ਰਿਥਮੇ ਕੁਲਛੇਤ੍ਰ ਮੇ ਦਿਹ ਚਲਿਤ੍ਰ

1। ਨਜਰ ਦੇ ਲੋਕ

Digitized by Panjab Digital Library | www.panjabdigilib.org

ਹੋਆ । ਫੇਰ ਸਤਿਗੁਰ ਜਮਨਾ ਪਰ ਗਏ ਤਹਾ ਬਡਾ ਅਨਾਹਦ ਪਇਆ । ਸਭ ਸੰਗਤ ਨੇ ਹਰਿ ਹਰਿ ਜਪਨ ਕੀਆ । ਜਿਨੋ ਨੇ ਹਰਿ ਹਰਿ ਜਾਪ ਕੀਆ ਸੋ ਸਭ ਕ੍ਰਿਤਾਰਥ ਭਏ । ਅਰ ਜਗਾਤੀਅਹੁ ਨੇ ਸਤਿਗੁਰ ਕੇ ਪਿਛੇ ਸਭ ਕੋਹੁ ਜਗਾਤ ਛੋਡ ਦੀਆ । ਅਰ ਸਤਿਗੁਰ ਕਾ ਅਰ ਸਤਿਗੁਰ ਕਾ ਪੂਜਨ ਕੀਆ । ਫਿਰ ਅਨੰਦ ਜਨ ਹੋਤੇ ਸਤਿਗੁਰ ਗੰਗਾ ਪਰ ਜਾਇ ਪ੍ਰਾਪਤ ਭਏ। ਜਿਤਨੀ ਸੰਗਤ ਗਈ ਸਭ ਸੰਗਤ ਗੁਰ ਕੋ ਪ੍ਰਾਪਤ ਭਟੀ । ਦਰਸਨ ਦੇਖ ਕਰ ਮੋਹਤ ਭਈ । ਫਿਰ ਨਗਰ ਕੇ ਜਗ ਤਨ ਮਹਾਜਨ ਅਰ ਬਡੇ ਪੰਡਤ ਖਟ ਸਾਸਤ ਵਾਲੇ ਸਭ ਮਿਲ ਕਰ ਚਰਚਾ ਕਰਨੇ ਆਏ । ਤਬ ਓਨੋ ਨੇ ਪਰਸਨ ਕੀਆ ਜੋ ਤੁਮਾਰੇ ਮਾਰਗ ਮੇ ਬਹੁਤ ਕਿਰਿਆ ਬੇਦ ਕੀ ਨਾਹੀ ਅਰ ਵਾਹਿਗੁਰੂ ਕਾ ਜਾਪ ਜਪੀਤਾ ਹੈ। ਤਾ ਇਨ ਕਾ ਸੰਸਾ ਹੈ ਸੋ ਹਮਾਰਾ ਨਿਵਿਰਤ ਕਰੀਏ । ਤਬ ਸਤਿਗੁਰ ਨੇ ਆਗਿਆ ਕੀਤੀ ਅਮਕਾ ਪੁਰਾਨ ਲਿਆਵੋ ਤਿਸ ਮੋ ਜੋ ਨਿਰਜਨੀ ਅਉਤਾਰ ਕੀ ਮਹਮਾ ਬ੍ਰਹਮ ਕੇ ਬਚਨ ਕਰ ਕੇ ਜੋ ਬਰਕਤ ਥੀ ਸੋ ਸਭ ਦਖਾਇ ਦੀਆ । ਭਾਇਖੰਤਮ ਪੁਰਾਨ[1] ਮੋ ਸਭ ਪੰਡਤ ਬਾਚ ਕਰ ਕੇ ਹੈਰਾਨ ਹੋਇ ਗਏ ਅਰ ਸਾਸਤ੍ ਕਰ ਕੇ ਸਹੀ ਕੀਤਾ । ਤਬ ਆਦ ਰਾਮ ਜੀ ਕੇ ਅਉਤਾਰ[2] ਕਰਕੇ ਅਰ ਕ੍ਰਿਸਨਾ ਅਉਤਾਰ[3] ਬਿਖੇ ਅਰ ਪ੍ਰਹਲਾਦਿ, ਨਾਰਿਦ, ਸੁਕਦੇਵ ਕੇ ਬਚਨਨ ਕਰਕੇ ਜੋ ਗੁਰੂ ਕੀ ਮਹਿਮਾ ਥੀ ਸੋ ਸਭ ਕਰਕੇ ਦਿਖਲਾ ਦੀਆ । ਸਹੀ ਕੀਆ । ਤਬ ਸਭ ਸਾਸਤ੍ ਵਾਲੇ ਮਹਾਜਨ ਅਰ ਖਟ ਸਾਸਤ੍ ਕਰਕੇ ਜਾਨਾ । ਤਬ ਸਭ ਨੇ ਨਮਸਕਾਰ ਕੀਆ ਸਤਿਗੁਰ ਕਾ ਜਾਪ ਜਪਨ ਲਗੇ ਧੰਨ ਧੰਨ ਸਭ ਜਗਤ ਕਰਨੇ ਲਗਾ । ਤਿਸ ਦੇ ਪ੍ਰਥਾਇ ਛੰਦ ਹੁਆ, ਗੁਰ ਮਹਮਾ ਕਾ ਤੁਖਾਰੀ ਛੰਤ ਮਹਲਾ 4 ਨਾਵਣ ਪੁਰਬ... ਇਹ ਜਾਤ੍ਰਾ ਚਲਹਤ ਸਤਿ ਗੁਰ ਕਾ ਉਧਾਰਨੇ ਕੇ ਨਮਿਤ ਹੋਂਟਿਆ । ਅਨੰਦ/ਭਜਨ ਕਰਤੇ ਸਤਿਗੁਰ ਗੋਇੰਦਵਾਲ ਮੋ ਆਏ । ਬੋਲੋ ਵਾਹਿਗੁਰੂ । ਸਤਿਗੁਰੂ । ਸਾਖੀ ਪੂਰਨ ਹੋਈ । 7 ।

ੴ

ਸਾਖੀ ਹੋਰ ਚਲੀ । ਏਕ ਸਮੇ ਮੋ ਹੁਕਮ ਹੋਇਆ ਸਰਬਤ ਸੰਗਤ ਕੋ ਜੋ ਈਹਾ ਏਕ ਪੁਰਾਤਨ ਤੀਰਥ ਹੈ ਉਸ ਕੋ ਬਨਾਵਣੇ ਕਾ ਓਦਮ ਕਰੋ । ਤਬ ਸਤਿਗੁਰ ਆਪ ਖੜੇ ਹੋ ਕਰ ਬਤਾਇ ਦੀਆ । ਹੁਕਮ ਹੋਆ ਇਥੇ ਬਾਵਲੀ ਤੀਰਥ ਬਨਾਵਹੁ । ਸਰਬਤ ਸਿਖ ਸੰਗਤ ਪ੍ਰੇਮ ਸੋ ਖੋਦਣੇ ਲਗੇ । ਤਬ ਬਾਵਲੀ ਕੋ ਖੋਦਤੇ ਜਬ ਪਾਨੀ ਤਕ ਪਹੁੰਚੇ ਤਬ ਏਕ ਪਥਰ ਕੀ ਚਟਾਨ ਨਿਕਲੀ । ਵਹ ਟੂਟੇ ਨਹੀ ਪਾਣੀ ਨਿਕਲੈ ਨਾਹੀ । ਅਨੇਕ ਜਤਨ ਕਰ ਰਹੇ । ਤਬ ਸਤਿਗੁਰ ਕੇ ਅਰਦਾਸ ਕੀਤੀ । ਸਚੇ ਪਾਤਸਾਹ ਸਭ ਖੋਦੀ ਹੈ ਅਨੇਕ ਜਤਨ ਕਰ ਰਹੇ ਹੈ ਪਰ ਪਥਰ ਟੇਕ ਹੈ ਸੋ ਨਿਕਲਤਾ ਨਹੀ । ਤਲੇ ਉਸ ਕੇ ਜਲ ਹੈ । ਜੋ ਪਥਰ

---

1. 'ਭਵਿਸ਼ਯਤ ਪੁਰਾਣ' ਇਸ ਦੇ ਪੰਜ ਪਰਵ ਹਨ । ਇਸ ਵਿਚ ਗੁਰੂ ਨਾਨਕ ਦੇਵ, ਮੁਗਲ ਰਾਜ ਤੇ ਅੰਗ੍ਰੇਜੀ ਰਾਜ ਦਾ ਉੱਲੇਖ ਵੀ ਮਿਲਦਾ ਹੈ ।
2. ਵਿਸ਼ਣੂ ਦੇ ਅਵਤਾਰ, ਸੂਰਜ ਵੰਸੀ ਅਜੁੱਧਿਆ ਦੇ ਰਾਜਾ ਦਸ਼ਰਥ ਦੇ ਸਪੁੱਤਰ
3. ਵਿਸ਼ਣੂ ਦੇ ਅਠਵੇਂ ਅਵਤਾਰ ਯਦੁ ਵੰਸੀ ਵਸੁਦੇਵ ਦੇ ਸਪੁੱਤਰ

Digitized by Panjab Digital Library | www.panjabdigilib.org

32/ਅ ਟੂਟੇ ਤੋ ਜਲ ਨਿਕਲੇ। ਉਸ ਸਮੇ ਮੈ ਅਕਬਰ ਬਾਦਸਾਹ/ ਚਿਤਉੜ ਗਢ ਸੋ ਲਗਾ ਥਾ। ਫਤੇ ਹੋਤਾ ਨਾ ਥਾ। ਸਭ ਪੀਰੋ ਫਕੀਰੋ ਕੇ ਘਰ ਫਿਰ ਰਹੇ। ਕੁਛ ਕਾਮ ਨਾ ਨਿਕਸਿਆ। ਤਬ ਅਕਬਰ ਨੇ ਸਤਿਗੁਰ ਕੋ ਚਿਤਾਰ ਕੇ ਏਕ ਆਦਮੀ ਸਾਹਿਬ ਕੀ ਓਰ ਭੇਜਾ। ਅਰ ਲਿਖਾ ਕੀ ਚਿਤਉਰ ਕੇ ਫਤੇ ਕਾ ਬਚਨ ਹੋਵੈ। ਤਬ ਸਾਹਿਬੋ ਕੀ ਜਗਾ ਅਹਦੀਆ ਆਨ ਪਹੁਚਾ ਅਰ ਅਹਦੀਏ ਕੋ ਬਚਨ ਹੋਆ ਜੋ ਏਕ ਜਾਗਾ ਮੇ ਅਹਦੀਏ ਕੇ ਟਿਕਾਵੇ। ਜਬ ਹਮ ਵਿਦਾ ਕਰੇਗੇ ਤਬ ਜਾਇਗਾ। ਤਬ ਬਉਲੀ ਕੋ ਪਥਰ ਕੋ ਤੋੜਨੋ ਕੇ ਵਾਸਤੇ ਮਾਨਕ ਚੰਦ ਖਤ੍ਰੀ ਜਾਤ ਪਥਰੀਆ ਥਾ। ਸਿਖ ਥਾ। ਉਸ ਕੋ ਬਚਨ ਹੋਆ ਮਾਨਕ ਚੰਦ ਤੂ ਜਾ ਕਰ ਤੋੜ ਤੇਰੇ ਸੋ ਤੂਟੇਗਾ। ਤਬ ਮਾਨਕ ਚੰਦ ਬਚਨ ਮਾਨ ਕਰ ਜਾਇ ਕਰ ਕੁੰਦਾਹਲਾ ਪਥਰ ਪਰ ਮਾਰਾ। ਤਸ ਜਲ ਅਮੋਘ ਨਿਕਸਿਆ। ਐਸਾ ਜਲ ਨਿਕਸਿਆ ਜੋ ਮਾਨਕ ਚੰਦ ਬੁਡ ਗਏ। ਮੁਰਦਾ ਮਾਨਕ ਚੰਦ ਕਾ ਉਪਰਿ ਪਾਨੀ ਕੇ ਤਰ ਆਇਆ। ਤਬ ਸਤਿਗੁਰ ਕੇ ਅਰਦਾਸ ਹੋਈ। ਸਭੇ ਪਾਤਸ ਜਲ ਨਿਕਲਿਆ ਪਰ ਮਾਨਕ ਚੰਦ ਬੂਢ ਗਏ। ਸਰੀਰ ਮਾਨਕ ਚੰਦ ਕੀ ਉਪਰ ਭਰ ਆਈ। ਤਬ ਬਚਨ ਹੋਆ ਕੀ ਮਾਨਕ ਨਹੀ ਮਰਤੇ ਮੇਰੇ ਪਾਸ ਲੇ ਆਉ। ਤਬ ਮਾਨਕ ਚੰਦ ਕੋ ਸਤਿਗੁਰ ਕੇ ਆਗੇ ਰਖ ਦਿਤਾ। ਤਬ ਸਾਹਿਬ ਨੇ ਚਰਨ ਮਾਨਕ ਚੰਦ ਕੀ ਛਾਤੀ ਪਰ ਧਰਾ। ਮਾਨਕ ਚੰਦ ਉਠ ਖੜੇ ਹੋਏ। ਤਬ ਬਚਨ ਹੋਆ ਕੀ ਮਾਨਕ ਚੰਦ ਜੀਵਤ ਭਇਆ। ਮਾਨਕ ਚੰਦ ਪਰ ਬਡੀ ਖੁਸ਼ੀ ਭਈ। ਹਜੂਰ ਮੋ ਬਸਤ੍ਰ ਬਹੁਤ ਅਡੈ ਨਏ ਪਹਰਾਏ ਅਰ ਮਸਤਕ ਪਰ ਤਿਲਕ ਹੋਆ। ਸਤਿਗੁਰ ਨੇ ਅਪਨੇ ਹਾਥ ਸੈ ਕੀਆ। ਅਰ ਬਚਨ ਹੁਆ ਕੀ ਮਾਨਕ ਚੰਦ ਕੋ ਮਨੇਗਾ ਸੋ ਮੈਨੂੰ ਮਨੇਗਾ। ਉਸ ਸਮੇ ਕੇ ਬਿਪ ਮਾਈ ਦਾਸ ਬੈਰਾਗੀ ਕ ਬੁਲਾਇਆ।

33/ਓ ਮਾਈ ਦਾਸ ਕੀ ਏਹ ਸਾਖੀ ਹੈ ਜੋ ਏਕ ਸਮੇ ਮਾਈ ਦਾਸ ਗੁਰੂ ਜੀ ਕੇ ਦਰਸਨ ਕੋ ਆਇਆ ਥਾ। ਗਰੂ ਕੀ ਆਗਿਆ ਹੋਈ ਕੀ ਮਾਈ ਦਾਸ ਲੰਗਰ ਕਾ ਪ੍ਰਸਾਦਿ ਕਰ ਕੇ ਹਮਾਰੇ ਦਰਸਨ ਕੋ ਆਵੈ। ਤੋ ਮਾਈ ਦਾਸ ਕ੍ਰਿਆ ਸੋ ਖਾਤਾ ਤਿਸ ਕਰਕੇ ਪ੍ਰਸਾਦਿ ਨਾ ਪਾਇਆ। ਅਰ ਦਰਸਨ ਭੀ ਨਹੀ ਹੋਆ। ਮਾਈ ਦਾਸ ਫਿਰ ਕਰ ਦੁਆਰਕਾ ਕੋ ਚਲੇਗੇ। ਜਬ ਦੁਆਰਕਾ ਕੇ ਨਿਕਟ ਗਏ ਏਕ ਬਨ ਸੋ ਜਾਤੇ ਥੇ ਆਸੀ ਅਰ ਬਰਖਾ ਬਹੁਤ ਆਈ। ਏਕ ਬਿਰਖ ਕੀ ਖੋਡ ਮੋ ਬੈਠ ਰਹਾ। ਇਕ ਰਾਤ ਬਰਖਾ ਹੋਈ। ਅਰ ਏਕਾਦਸੀ ਕਾ ਬਰਤ ਥਾ। ਪ੍ਰਭਾਤ ਕੋ ਦੁਆਦਸੀ ਕਾ ਉਪਾਰਨਾ ਥਾ। ਬਿਨਾ ਅੰਨ ਕੇ ਉਪਾਰਨਾ ਕੈਸੇ ਹੋਇ। ਬਡੀ ਪ੍ਰੀਤ ਸੋ ਨਰਾਇਨ ਕਾ ਉਪਾਸਨਾ ਕੀਆ। ਤਬ ਨਰਾਇਨ ਨੇ ਮਨੁਖ ਦਾ ਰੂਪ ਧਾਰ ਕੇ ਭੋਜਨ ਕੀ ਥਾਲੀ ਆਗੇ ਰਾਖ ਦੀਆ। ਤਬ ਮਾਈ ਦਾਸ ਕਹਾ ਕਿ ਇਹ ਤੋ ਕਚਾ ਪ੍ਰਸਾਦਿ ਹੈ ਜੋ ਪਕਵਾਨ ਹੋਤਾ ਤੋ ਮੈ ਖਾਤਾ। ਠਾਕਰ ਕੋ ਭੋਗ ਲਗਾਵਤਾ। ਤਬ ਨਰਾਇਨ ਨੇ ਪਕਵਾਨ ਕੀ ਥਾਲੀ ਦੇਖ ਧਰ ਦੀਆ, ਅਰ ਆਪ ਅਲੋਪ ਹੋ ਗਇਆ। ਤਬ ਮਾਈ ਦਾਸ ਥਾਲੀ ਦੇਖ ਕਰ ਹੈਰਾਨ ਹੋਇ ਗਇਆ ਕੀ ਇਹ ਥਾਲੀ ਪਕਵਾਨ ਕੀ ਕਿਨ ਨੇ ਦੀਆ।

Digitized by Panjab Digital Library | www.panjabdigilib.org

ਦੀਆ। ਚਾਰੀ ਤੇਰਫ ਦੇਖਨੇ ਲਗਾ। ਕੋਈ ਨਜਰ ਨਾ ਆਇਆ। ਤਬ ਬਤ ਗਇਆ ਇਹ ਚਲਿਤ੍ ਨਰਾਇਨ ਕੇ ਹੈ। ਤਬ ਲਗਾ ਬੈਰਾਗ ਕਰਨੇ। ਪ੍ਰੇਮ ਮਗਨ ਸੋ ਧਰਤੀ ਪਰ ਗਿਰ ਪੜਾ। ਤੇਬ ਨਰਾਇਨ ਕੀ ਕਿਰਪਾ ਹੋਈ। ਅਰ ਆਗਿਆ ਹੋਈ ਤੁਸਾ ਗੋਇੰਦਵਾਲ ਜਾਉ ਓਹਾ ਲੰਗਰ ਕਾ ਪ੍ਰਸਾਦਿ ਲੇਨਾ ਅਰ ਦਰਸਨ ਭੀ ਮੇਰਾ ਕਰਨਾ। ਤਬ ਮਾਈ ਦਾਸ ਚਲਾ। ਗੋਇੰਦਵਾਲ
33/ਅ ਆਨ ਪਹੁੰਚੇ। ਲੰਗਰ ਸੋ ਗਏ। ਪ੍ਰਸਾਦਿ ਉਠ ਚੁਕਾ ਥਾ ਤਬ/ ਸੀਤ ਪ੍ਰਸਾਦਿ ਲੇ ਕਰ ਮੁਖ ਸੋ ਪਾਇਆ। ਪਾਇ ਕਰ ਸਤਿਗੁਰ ਕੇ ਦਰਸਨ ਕੋ ਗਏ। ਜਾਤੇ ਹੀ ਚਤਰਭੁਜ[2] ਦਰਸਨ ਹੋਆ। ਤਬ ਮਾਈ ਦਾਸ ਅਰਦਾਸ ਕੀਤੀ ਸਚੇ ਪਾਤਸਾਹ ਸਰੂਪ ਮਿਲੇ ਜੋ ਮੈ ਸਿਖ ਹੋਵਾ। ਤਬ ਬਚਨ ਹੋਆ ਤੇਰਾ ਗੁਰੂ ਆਜ ਤੇ ਆਠਵੇ ਦਿਨ ਪਰਗਟ ਹੋਵੈਗਾ ਤਬ ਤੁਮ ਸਰਨੀ ਪਰਵੋ ਸਿਖ ਹੋਵਹੋ। ਇਹ ਤੁਝ ਕੋ ਨਰਾਇਨ ਕਾ ਦਰਸਨ ਹੁਆ। ਅਬ ਗੁਰੂ ਕਾ ਦਰਸਨ ਹੋਵੈਗਾ। ਆਠ ਦਿਨ ਕਾ ਮਾਈ ਦਾਸ ਬੈਠਾ ਥਾ। ਤੇਬ ਮਾਨਕ ਚੰਦ ਕੋ ਤਿਲਕ ਹੁਆ। ਤਬ ਮਾਈ ਦਾਸ ਮਾਨੱਕ ਚੰਦ ਕੇ ਚੋਰਨ ਪਾਸ ਪਾਇਆ। ਆਗਿਆ ਹੋਈ ਤੂ ਇਸ ਕਾ ਸਿਖ ਇਆ ਤੇਰਾ ਗੁਰੂ। ਤੁਮ ਦੋਨੋ ਮਿਲ ਕਰ ਜਗਤ ਕੋ ਸਤਿਨਾਮ ਕਾ ਉਪਦੇਸ ਕਰੋ। ਗੁਰਮੁਖ ਪੰਥ ਚਲਾਵੋ। ਤਬ ਦੋਨੋ ਬਚਨ ਲੇ ਕਰ ਅਪਨੇ ਅਸਥਾਨ ਪਰ ਆਏ। ਗੁਰ ਕੀ ਆਗਿਆ ਸੋ ਉਪਦੇਸ ਕਰਨੇ ਲਗੇ। ਅਰ ਉਹ ਜੋ ਅਹਦੀਆ ਆਇਆ ਥਾ ਪਾਤਸਾਹ ਕਾ ਚਿਤਉੜ ਕੀ ਫਤੇ ਕੇ ਵਾਸਤੇ। ਸਿਖਾ ਕੋ ਆਗਿਆ ਹੋਈ ਇਹ ਲਿਖ ਦਿਉ ਪਾਤਸਾਹ ਕੇ ਅਹਦੀਏ ਕੋ ਇਹਾ ਬਉਲੀ ਕਾ ਜਬ ਪਥਰ ਟੂਟਾ ਤਬ ਉਹਾ ਚਿਤਉੜ ਫਤੇ ਹੋਇ ਗਇਆ। ਏਹੀ ਸਿਖ੍ਹਾ ਅਹਦੀ ਅਕਬਰ ਕੇ ਪਾਸ ਗੇਇਆ। ਸਾਖੀ ਪੂਰੀ ਹੋਈ। 8।

ਸਾਖੀ ਹੋਰ ਚਲੀ। ਬਾਉਲੀ ਜੀ ਤੀਰਥ ਕੀ ਕਾਰ ਸੇਵਾ ਸਿਖ ਸਰਬਤ ਪ੍ਰੇਮ ਸੋ ਕਰਤੇ ਥੇ। ਉਜੀ ਸਮੇ ਮੋ ਗੰਗਾ ਦਾਸ ਵਨੀ ਖਤ੍ਰੀ ਲਾਹੌਰ ਮੋ ਕੋਠੀਦਾਰ ਥਾ ਉਸ ਕਾ ਕਾਮ ਬਿਚਲ ਗਇਆ। ਵਹੁ ਲਾਹੌਰ ਸੋ ਟਿਕਲਾ ਭਾਗਾ। ਜਬ ਗੋਇੰਦਵਾਲ ਕੇ ਨਿਕਟ ਆਇਆ। ਤਬ ਉਨ ਕੇ ਮਨ ਮੋ
34/ਉ ਬਿਚਾਰ ਆਇਆ ਕੀ ਸਤਿਗੁਰ ਕੀ ਸਰਨ ਮੋ ਚਲੇ ਤੋ ਹਮਾਰਾ ਕਾਮ ਬਹਾਲ ਹੋ ਜਾਇਗਾ। ਤਬ ਗੰਗੇ ਦਾਸ ਲੰਗਰ ਸੋ ਪ੍ਰਸਾਦਿ ਪਾਇ ਕਰ ਸਤਿਗੁਰ ਕੇ ਚਰਨੋ ਸਾਥ ਜਾਇ ਲਗਾ। ਅਰ ਬਹੁਤ ਅਪਨੀ ਬੇਨਤੀ ਕੀਆ ਅਰ ਅਵਸਥਾ ਕਹੀ। ਸਤਿਗੁਰ ਅੰਤਰਜਾਮੀ ਸੇ। ਗੰਗੇ ਕੀ ਨਿਮ੍ਰਤਾ ਦੇਖ ਕਰ ਪ੍ਰਸੰਨ ਭਏ। ਆਗਿਆ ਹੋਈ ਤੂ ਦਿਲੀ ਜਾਹਿ ਕੋਠੀ ਕਾ ਕਾਮ ਕਾਜ ਕਰ ਸਭ ਕੰਮ ਤੇਰਾ ਬਨ ਜਾਇਗਾ। ਗੁਰ ਕੀ ਆਗਿਆ ਲੇ ਕਰ ਗੰਗਾ ਦਾਸ ਦਿਲੀ ਕੋ ਆਇਆ। ਆਵਤੇ ਹੀ ਕੋਠੀ ਕਾ ਆਰੰਭ ਕਰਤੇ ਹੀ ਸਭ ਕਾਮ ਬਨ ਪਰਾ। ਜੈਸਾ ਥਾ

---

1. ਠੰਡਾ ਭੋਜਨ.
2. ਚਾਰ ਬਾਹਾਂ ਵਾਲਾ. ਵਿਸ਼ਨੂ

Digitized by Panjab Digital Library | www.panjabdigilib.org

ਤੈਸਾ ਹੋਇਆ। ਅਰ ਏਕ ਬ੍ਰਹਮਣ ਥਾ ਸੋ ਗੁਰੂ ਕੇ ਦੁਆਰੇ ਜਾ ਕਰ ਮੰਗਨੇ ਲਗਾ। ਉਸ ਕੀ ਬੇਟੀ ਦਾ ਕਾਮ ਥਾ। ਤਬ ਹੁਕਮ ਹੋਇਆ ਜੋ ਗੰਗੂ ਪਰ ਪਚਾਸ ਰੁਪਈਏ ਬ੍ਰਹਮਣ ਕੋਉ ਹੁਕਮਨਾਮਾ ਲਿਖ ਦਿਤੁ। ਤਬ ਬ੍ਰਹਮਣ ਹੁਕਮ ਲੇ ਕਰ ਗੰਗਾ ਦਾਸ ਪਾਸ ਗਇਆ। ਤਬ ਗੰਗਾ ਦਾਸ ਪਾਸ ਹੁਕਮ ਦੀਆ। ਗੰਗਾ ਦਾਸ ਉਸ ਬ੍ਰਹਮਣ ਕੋ ਕੁਛ ਦੀਆ ਨਹੀ। ਬ੍ਰਹਮਣ ਫਿਰ ਕਰ ਸਾਹਿਬਾ ਕੇ ਪਾਸ ਆਇਆ। ਖਾਲੀ ਆਇਆ। ਤਬ ਅਉਰ ਸਿਖ ਪਰ ਹੁਕਮ ਹੋਇਆ। ਈਹਾ ਦਿਲੀ ਮੇ ਗੰਗਾ ਦਾਸ ਕਾ ਕੰਮ ਬਿਗਰ ਗਇਆ। ਦਿਵਾਲਾ ਨਿਕਾਲ ਕਰ ਸਾਹਿਬ ਕੇ ਪਾਸ ਆਏ ਪਰੇਸਾਨ ਹੋ ਕਰ ਪਰ ਹਜੂਰ ਮੇ ਨਹੀ ਗਇਆ। ਬਾਉਲੀ ਜੀ ਕੀ ਟਹਲ ਮੇ ਲਗੇ। ਦੁਸਾਲੋ ਮੇ ਇਟਾ ਅਰ ਮਿਟੀਆ ਢੋਵੈ। ਬਹੁਤ ਦਿਨ ਤਕ ਟਹਲ ਮੇ ਲਗਾ ਰੈਹਾ। ਤਬ ਏਕ ਦਿਨ ਸਾਹਿਬ ਬਾਉਲੀ ਪਰ ਆਨ ਬੈਠੇ ਥੇ। ਦੇਖਾ ਅਰ ਪੂਛਨਾ ਕੀਆ ਕਿ ਇਹ ਕਉਨ ਹੈ। ਤਾ ਸਿਖਾਂ ਅਰਦਾਸ ਕੀਤੀ ਸਚੇ ਪਾਤਸਾਹ ਇਹ ਗੰਗਾ ਦਾਸ ਹੈ। ਸਤਿਗੁਰ ਅੰਤਰਜਾਮੀ ਗੰਗਾ ਦਾਸ ਕਾ ਹਿਰਦਾ ਟਹਲ ਕਰਤੇ ਕਾ ਸੁਧਰਿਆ ਦੇਖਾ। ਤਬ ਦਇਆ ਭਈ। ਤਬ ਹਜੂਰ ਮੇ ਬੁਲਾਇਆ। ਆਨ ਕਰ ਹਾਥ ਜੋੜ ਕਰ ਚਰਨੋ ਪਰ ਪਰਿਆ। ਬਹੁਤ ਖੁਸੀ ਹੋਈ। ਕਹਾ ਕਿ ਗੰਗਾ ਦਾਸ ਕੋ ਨਏ ਬਸਤ੍ਰ ਪਹਰਾਵੋ। ਤਬ ਨਏ ਬਸਤ੍ਰ ਪਹਰੈ। ਅਪਨੇ ਹਾਥ ਸਤਿਗੁਰ ਨੇ ਮਸਤਕ ਪਰ ਤਿਲਕ ਗੁਰਮੁਖੀ ਕੀਆ ਅਰ ਨਾਉ ਗੰਗਾ ਸ਼ਾਹੁ ਰਖਾ। ਬਚਨ ਹੋਇਆ ਕਿ ਸਤਿਨਾਮ ਕਾ ਮੰਤ੍ਰ ਜਗਤ ਪਰ ਜਾਇ ਕਰ ਉਪਦੇਸ ਕਰੋ। ਤਬ ਗੰਗੂ ਸਾਹ ਘਰ ਪਰ ਤ੍ਰਿਖਾਨ ਪੁਰ[1] ਗਇਆ। ਅਰ ਬਚਨ ਹੋਆ ਫਿਰ ਜੂਨ ਮੇ ਨਹੀ ਆਵਣਾ। ਬਖਸ ਹੂਆ। ਬਡੀ ਮੇਹਰ ਹੂਈ। ਤਬ ਗੰਗਾ ਸਾਹ ਸਤਿਨਾਮ ਕਾ ਉਪਦੇਸ ਲਗਾ ਕਰਨੇ। ਬੋਲੋ ਵਾਹਿਗੁਰੂ। ਸ਼ਾਖੀ ਪੂਰਨ ਹੋਈ। 9।

34/ਅ

ਸਾਖੀ ਹੋਰ ਚਲੀ। ਸਰਬਤ ਸਿਖ ਬਾਉਲੀ ਜੀ ਕੀ ਟਹਲ ਅਪਨੇ ਪ੍ਰੇਮ ਸੋ ਕਰਤੇ। ਕੋਈ ਈਟ ਲਿਆਵਤੇ ਕੋਈ ਚੂਨਾ ਲਿਆਵਤੇ। ਇਸੀ ਪ੍ਰਕਾਰ ਕਰਕੇ ਸਭ ਸੰਗਤ ਹੀ ਸੇਵਾ ਕਰਤੀ। ਤਿਸ ਸਮੇਂ ਇਕ ਸਿਖਨੀ ਜੀ ਟਹਲ ਕਰਤੀ। ਅਰ ਬੇਟੇ ਕੋ ਕਾਬਲ ਮੇ ਪਾਲਣ ਪਰ ਛੋਡ ਕਰ ਆਵਤੀ। ਅਰ ਈਹਾ ਸੋ ਬੈਠੀ ਜਬ ਲਡਕਾ ਜਾਗਤਾ ਤਬ ਹਥ ਹਿਲਾਵਤੀ। ਤਬ ਸਭ ਸੰਗਤ ਇਹ ਚਲਿਤ੍ਰ ਦੇਖਤੀ। ਤਬ ਸਾਹਿਬੋ ਸੇ ਸਿਖੋ ਅਰਜ ਕੀਆ। ਸਚੇ ਪਾਤਸਾਹ ਏਕ ਸਿਖਨੀ ਭੀ ਟਹਲ ਬਾਉਲੀ ਕੀ ਕਰਤੀ ਹੈ ਪਰ ਘਰੀ ਘਰੀ ਹਾਥ ਹਿਲਾਵਤੀ ਹੈ ਜੈਸੈ ਤਰਹ ਕੋਈ ਪਾਲਣਾ ਝੁਲਾਵੈ। ਸੋ ਇਹ ਅਚਰਜ ਕੁਝ ਬੁਝ ਨਹੀ ਪਰਤਾ ਅਰ ਰਾਤ ਕਰ ਭੀ ਈਹਾ ਨਹੀ ਰਹਤੀ। ਸਚੇ ਪਾਤਸਾਹ ਇਹ ਚਲਿਤ੍ਰ ਨਹੀ ਮਲੂਮ ਹੋਵਤਾ। ਤਬ ਸਾਹਿਬ ਬੋਲੇ ਕੀ ਇਆ ਸਿਖਨੀ ਕਾਬਲ ਮੇ

---

1. ਇਸ ਥਾਂ ਬਾਰੇ ਪਤਾ ਨਹੀਂ ਲਗ ਸਕਿਆ। ਇਸ ਦਾ ਭੀ ਲੇਖ 'ਮਹਿਮਾ ਪ੍ਰਕਾਸ਼' (ਭਾਗ 2, ਪੰਨਾ 102) ਵਿਚ ਨਹੀਂ

Digitized by Panjab Digital Library | www.panjabdigilib.org

35/ੳ

ਰਹਤੀ । ਇਆ ਅਪਨੇ ਬਾਲਕ ਕੋ ਪਾਲਣੇ ਪਰ ਛਡ ਆਵਤੀ ਹੈ । ਇਆ ਏਕ ਦਿਨ ਮੋ ਦਰਸਨ ਕੋ ਆਵਤੀ ਹੈ ਅਰ ਹਾਥ/ਜੋ ਹਿਲਾਵਤੀ ਹੈ ਸੋ ਜਬ ਇਸ ਕਾ ਬਾਲਕ ਜਾਗਤਾ ਹੈ ਤਬ ਇਹਾ ਤੋ ਮਲਾਨਾ ਕੋ ਹਿਲਾਇ ਛੋਡਤੀ ਹੈ । ਤਬ ਬਾਲਕ ਸੋਇ ਜਾਂਦਾ ਹੈ । ਇਆ ਮਤੀ ਗੁਰਮੁਖ ਹੈ । ਤਬ ਸਿਖੋ ਬੇਨਤੀ ਕੀਤੀ ਇਆ ਪਦ ਇਸ ਸਿਖਨੀ ਕੋ ਕਿਸ ਖਤਾ ਪ੍ਰਾਪਤ ਭਇਆ । ਤਬ ਸਾਹਿਬੋ ਕਹਾ ਕੀ ਇਸ ਕੋ ਅਪਨੇ ਭਰਤੇ ਕੀ ਵਡੀ ਪ੍ਰੀਤ ਹੈ । ਪਰਮੇਸਰ ਕਰਕੇ ਇਸ ਨੇ ਆਪਨੇ ਭਰਤੇ ਕੋ ਸੇਵਾ ਹੈ ਤਿਸ ਕਰਕੈ ਇਆ ਇਸ ਪਦ ਕੋ ਪ੍ਰਾਪਤ ਭਈ ਹੈ । ਇਸ ਕਾ ਭਰਤਾ ਗੁਰੂ ਕਾ ਸਿਖ ਹੈ । ਤਬ ਸਿਖੋ ਅਰਦਾਸ ਕੀਤੀ ਸਚੇ ਪਾਤਸਾਹ ਸਿਖਨੀ ਇਸਤ੍ਰੀ ਕੋ ਦਰਸਨ ਨਹੀ ਹੁਆ ਹੈ ਸੋ ਕਿਸ ਤਰਹਾ ਸੋ । ਤਬ ਬਚਨ ਹੋਆ ਕਿ ਇਸਤ੍ਰੀ ਕੋ ਭਰਤਾ ਗੁਰੂ ਪਰਮੇਸਰ ਹੈ ਉਸ ਕੋ ਐਸਾ ਚਾਹੀਏ ਕੀ ਭਰਤਾ ਹੀ ਨੋ ਮੇਰਾ ਰੂਪ ਜਾਨੇ । ਬਿਨਾ ਸਰਧ ਕਰਕੇ ਇਸਤ੍ਰੀ ਕੋ ਦਰਸਨ ਨਹੀ ਹੋਤਾ । ਉਸ ਕੋ ਘਰ ਹੀ ਮੋ ਸੁਆਮੀ ਜਾ ਦਰਸਨ ਹੈ । ਸਾਖੀ ਪੂਰਨ ਹੋਈ । ਬੋਲੋ ਵਾਹਿਗੁਰੂ । 10 ।

35/ਅ

ਸਾਖੀ ਹੋਰ ਚਲੀ । ਏਕ ।।।। ਜੇਠਾ ਜੀ ਈਟ ਕੀ ਕਾਰ ਕਰਤੇ ਥੇ । ਤਾਏ ਚਾਚੇ ਸਭ ਭਾਈ ਬਰਾਦਰ ਸਭ ਮਿਲੀ ਗੰਗਾ ਕੇ ਇਸਨਾਨ ਕੋ ਚਲੇ ਥੇ । ਬਉਲੀ ਜੀ ਪਰ ਜੇਠਾ ਜੀ ਕੋ ਮਿਲੇ ਜਾ ਸਭ ਮਿਲ ਕਰ ਦੇਖਾ । ਕਿਆ ਦੇਖੈ ਜੋ ਮਟੀ ਰਾਜਾ ਮਜੂਰਾ ਕੋ ਦੇਤੇ ਹੈ । ਤਬ ਉਨੋ ਨੇ ਕਹਾ ਕੀ ਤੁਮ ਇਆ ਕਉਨ ਕਾਮ ਕਰਤੇ ਹੋ ਸੁਸਰਾਰ ਮੋ ਮਾਟੀ ਢੋਵਤੇ ਹੋ । ਹਮਾਰੇ ਬਢਕਿਉ ਕੇ ਸਿਰ ਖਾਕ ਡਾਲਤੇ ਹੋ । ਤੁਮ ਕਉ ਨ ਚਾਹੀਏ । ਤਬ ਜੇਠਾ ਜੀ ਨੇ ਕਹਾ ਅਸੀ ਗੁਰ ਪਰਮੇਸਰ ਕੇ ਦੁਆਰੇ ਕੀ ਕਾਰ ਕਰਤੇ ਹੈ ਤੁਮ ਨਾਹੀ ਜਾਨਤੇ । ਤਬ ਵੈ ਚੁਪ ਹੋ ਕਰ ਚਲੇ ਗਏ । ਤਬ ਜੇਠਾ ਜੀ ਸਾਹੂਰ ਮੋ ਆਏ । ਤਬ ਸਾਹਿਬੋ ਨੇ ਕਹਾ ਜੇਠਾ ਜੀ ਤਾਏ ਪਿਤੀਏ ਕਿਆ ਕਰਤੇ ਥੇ । ਤਬ ਜੇਠਾ ਜੀ ਨੇ ਕਹਾ ਕੀ ਤੂ ਸਭ ਜਾਨੀ ਜਾਨ ਹੈ । ਤਬ ਸਿਖੋ ਨੇ ਮਹਾ ਗਰੀਬ ਨਿਵਾਜ ਇਨ ਕੋ ਤਾਏ ਚਾਚੇ ਕਹਤੇ ਥੇ ਕਿ ਤੁਮ ਸੁਸਰਾਰ ਮੋ ਮਾਟੀ ਕੋ/ ਮਾਟੀ ਢੋਵਤੇ ਹੋ ਹਮਾਰੇ ਬਢਕੇ ਸਿਰ ਖਾਕ ਡਾਲਤੇ ਹਉ । ਤਬ ਬਚਨ ਹੋਆ ਉਨਹੀ ਕੇ ਸਿਰ ਖਾਕ ਹੈ । ਮੈ ਨੇ ਜੇਠਾ ਜੀ ਕੋ ਸਿਰ ਦੀਨ ਦੁਨੀਆ ਕਾ ਛਡ ਦੀਆ ਹੈ । ਤਬ ਸਾਹਿਬ ਕੀ ਬੜੀ ਖੁਸੀ ਹੋਈ । ਏਕ ਸਮੇ ਗੁਰੂ ਜੀ ਬਾਉਲੀ ਕੋ ਗਏ ਥੇ । ਤਬ ਜੇਠਾ ਜੀ ਭੀ ਕਾਰ ਕਰਦੇ ਥੇ ਅਰ ਰਾਮਾ ਸੁਹੜੀ ਜੋ ਦੂਸਰਾ ਦਾਮਾਦ ਥਾ ਵਹ ਭੀ ਕਾਰ ਕਰਦੇ ਸੇ । ਸਿਖੋ ਨੇ ਅਰਜਨਾ ਕੀਤੀਆ ਗਰੀਬ ਨਿਵਾਜ ਰਾਮਾ ਸੁਹੜੀ ਰਾਤ ਦਿਨ ਵਾਹਿਗੁਰੂ ਕਾ ਜਾਪ ਜਪਤਾ ਰਹਤਾ ਹੈ ਅਰ ਬਹੁਤ ਸੇਵਾ ਟਹਲ ਮੋ ਰਹਤਾ ਹੈ । ਤਬ ਸਾਹਿਬ ਨੇ ਸਿਖੋ ਕੀ ਨਿਸਚਾ ਕੇ ਵਾਸਤੇ ਅਰ ਅੰਤਰ ਕੀ ਪਰਤਿਗਿਆ ਕੋ ਲੇਨੇ ਕੋ ਬਚਨ ਕੀਆ । ਰਾਮੇ ਸੁਹੜੀ ਕੋ ਕਹਾ ਕਿ ਹਮਾਰੇ ਬੈਠਨੇ ਕੋ ਏਕ ਚਬੂਤ੍ਰਾ ਬਣਾਇ ਲੇਹੁ । ਅਬ ਹੀ ਤਿਸ ਪਰ ਬੈਠੇਗੇ । ਤਬ ਤੁਰਤ ਹੀ ਰਾਮੇ ਨੇ ਈਟ ਇਟੋ ਕੀ ਬੜੀ ਬਢਾਇ ਲਿਤੀ ।

Digitized by Panjab Digital Library | www.panjabdigilib.org

ਤਬ ਸਾਹਿਬ ਨੇ ਆਖਿਆ ਅਸੀ ਇਸ ਤਰਾ ਨਹੀ ਕਹਾ ਥਾ ਅਉਰ ਤਰਾ ਕਹਾ ਥਾ। ਹੋਰ ਤਰਹ ਬਨਾਵੋ। ਤਬ ਰਾਮੇ ਕਹਾ ਕਿ ਜਿਸ ਤਰਹ ਸਾਹਿਬ ਨੇ ਕਹਾ ਤਿਸ ਤਰਾ ਤੋ ਬਣੀ ਹੈ ਬੈਠੀਏ ਗਰੀਬ ਨਿਵਾਜ। ਤਬ ਸ਼ਤਿਗੁਰ ਜੀ ਨੇ ਜੇਠਾ ਜੀ ਕੋ ਬੁਲਾਇਆ। ਤਬ ਬਚਨ ਹੂਆ ਤੂ ਏਕ ਥੜੀ ਬਨਾਵੋ ਹਮਾਰੇ ਬੈਠਨੇ ਕੋ। ਉਸੀ ਵਕਤ ਥੜੀ ਤਿਆਰ ਕਰ ਕੇ ਕਹਾ ਕੀ ਸਚੇ ਪਾਤਸਾਹ ਬੈਠੀਏ। ਤਬ ਬਚਨ ਹੂਆ ਜੇਠਾ ਇਹ ਥੜੀ ਅਛੀ ਨਹੀ ਬਣੀ ਹੋਰ ਫੇਰ ਕਰ ਬਣਾਵੋ। ਇਸ ਕੋ ਗਿਰਾ ਕਰ ਹੋਰ ਬਨਾਵਉ। ਤੁਮ ਸੁਰਤ ਕਰਕੇ ਨਹੀ ਬਣਾਵਤੇ। ਤਬ ਹਾਥ ਜੋੜ ਕੇ ਜੇਠਾ ਜੀ ਨੇ ਅਰਦਾਸ ਕੀਤੀ ਸ਼ਚੇ ਪਾਤਸਾਹ ਜੀਉ ਭੁਲਨਹਾਰ ਹੈ ਐਸੀ ਦਇਆ ਕੀ ਨਜਰ ਕਰ ਕੇ ਕਹੀਏ ਜੋ ਅਸੀ ਅਛੀ ਤਰਹ ਬਨਵਾਹਿ। ਤਬ ਫਿਰ ਬਚਨ ਹੋਇਆ ਫਿਰ ਬਨਾਵੋ। ਜੇਠਾ ਜੀ ਨੇ ਫਿਰ ਬਨਾਇਆ। ਤਬ ਸਿਖਾ ਕੋ ਆਗਿਆ ਹੋਈ ਜੇਠਾ ਕੈਸਾ ਆਗਿਆਕ੍ਰਾਰੀ ਹੈ ਜਿਸ ਵੇਰੀ/ਅਸੀ ਕਹਾ ਜੇਠਾ ਨੇ ਮਟਾਇਆ ਅਰ ਬਨਾਇਆ। 36/ੳ
ਗੁਰੂ ਕੀ ਆਗਿਆ ਐਸੀ ਕੀਆ ਚਾਹੀਏ। ਜੇਠਾ ਮੇਨਾ ਵਡਾ ਆਗਿਆਕਾਰੀ ਹੈ ਬਡਾ ਭਗਤ ਹੈ। ਸਾਖੀ ਪੂਰਨ ਹੋਈ। ਬੋਲੋ ਵਾਹਿਗੁਰੂ। 11।

ਸਾਖੀ ਹੋਰ ਚਲੀ। ਬਾਉਲੀ ਜੀ ਕੀ ਟਹਲ ਕਾਰ ਜਿਨ ਸਿਖੋ ਨੇ ਕੀਆ ਸਭ ਕੀ ਕਾਰ ਥਾਇ ਹੋਈ ਅਰ ਬਖਸ ਭੀ ਹੋਤੀ ਗਈ। ਬਾਉਲੀ ਜੀ ਸਪੂਰਨ ਤਿਆਰ ਹੋਈ। ਸਰਬਤ ਸੰਗਤ ਪਰ ਬੜੀ ਖੁਸੀ ਹੋਈ। ਸਾਧਾਰਨ ਲੋਹਾਰ ਨੇ ਬਉਲੀ ਜੀ ਕੀ ਸੀਧੀ ਪਰ ਲੋਹੇ ਕੀ ਮੇਖਾ ਲਗਾਈਆ ਥੀ। ਬਚਨ ਹੋਇਆ ਜੋ ਸਾਧਾਰਨ ਕੋ ਬੁਲਾਵੋ। ਸਾਧਾਰਨ ਆਇਆ। ਤਬ ਬਚਨ ਹੋਆ ਕੀ ਤੈ ਮੇਰੀ ਬਡੀ ਸੇਵਾ ਕੀਆ ਹੈ। ਅਬ ਤੇਰਾ ਨਾਉ ਸੰਤ ਸਾਧਾਰਨ ਹੂਆ। ਤੂ ਜਾਇ ਕਰ ਘਰ ਬੈਠ ਕਰ ਗੋਬਿੰਦ ਕਾ ਭਜਨ ਕਰ ਸਤਿਨਾਮ ਕਾ ਮੰਤ੍ਰ ਜਪ ਅਰ ਜਪਾਉ। ਅਰ ਬਡੀ ਦਇਆ ਹੋਈ। ਤਬ ਸੰਪੂਰਨ ਬਉਲੀ ਜੀ ਤਿਆਰ ਹੋਈ। ਤਬ ਸਰਬਤ ਸੰਗਤ ਨੇ ਅਰਦਾਸ ਕੀਤੀ ਗਰੀਬ ਨਿਵਾਜ ਬਉਲੀ ਜੀ ਕਾ ਮਹਾਤਮ ਰਸਨਾ ਸੋ ਬਚਨ ਹੋਵੈ। ਇਆ ਕਉ ਨ ਤੀਰਥ ਥਾਪਿਆ ਹੈ। ਤਬ ਬਚਨ ਹੋਆ ਇਸ ਬਾਉਲੀ ਕੇ ਦਾਂਹਨੇ ਪਾਸੇ ਗੰਗਾ ਕਾ ਪ੍ਰਵਾਹ ਹੈ। ਅਰ ਜੋ ਕੋਈ ਚੌਰਾਸੀ ਪਉੜੀ ਹੈ ਬਉਲੀ ਜੀ ਕੀ। ਚਉਰਾਸੀ ਪੌੜੀ ਉਤਰਿ ਜਲ ਆਚਮਨ ਕਰੇਗਾ ਉਸ ਨੋ ਚੋਰਾਸੀ ਕੀ ਆਂਚ ਨ ਲਗੇਗੀ। ਉਸ ਕੀ ਚਉਰਾਸੀ ਕਟੇਗੀ। ਉਸੀ ਸਮੇ ਮੋ ਏਕ ਸਿਖ ਬਿਦਾ ਹੋਇਆ, ਮੈ ਗੰਗਾ ਕੇ ਇਸਨਾਨ ਕੋ ਚਲਾ ਹੂੰ। ਸਤਿਗੁਰ ਸੋ ਬਿਦਾ ਹੋਇਆ। ਉਸ ਕੋ ਆਖਿਆ ਅਸੀ ਗੰਗਾ ਇਥੇ ਲਿਆਏਗਾ ਤੂ ਇਥੇ ਇਸਨਾਨ ਕਰ। ਤਬ ਉਸ ਨੇ ਕਹਾ ਕਿ ਮੇਰੀ ਵਡੀ ਸੁਰਤ ਹੈ ਮੈਨੂੰ ਆਗਿਆ ਹੋਵੈ ਤੋ ਮੈ ਹਰਿਦਵਾਰ ਹੋਇ ਆਵਾ। ਤਬ ਆਗਿਆ ਹੂਈ ਕੀ ਤੂ ਜਾਹ। ਏਕ ਲੋਟਾ ਹਜੂਰ ਸੋ ਮਿਲਾ। ਬਚਨ ਹੋਆ ਕੀ ਲੋਟਾ ਗੰਗਾ ਜਲ ਸੋ ਸਾਡੇ/ਲਈ ਭਰ ਲਿਆਈਉ। ਤੁਝ ਜਾ ਲੋਟਾ ਲੇ ਕਰ ਗੰਗਾ ਕਉ ਗਇਆ। ਹਰਿਦੁਆਰ ਮੋ ਨਾਇ ਕਰ ਹਜੂਰ ਕੇ ਵਾਸਤੇ ਲੋਟਾ ਭਰਨ ਲਗਾ। ਤਬ ਲੋਟਾ ਹਾਥ ਸੋ ਬਿਹ ਗਇਆ। ਅਉਰ ਲੋਟਾ ਕਰ 36/ਅ

Digitized by Panjab Digital Library | www.panjabdigilib.org

ਕਰ ਲਿਆਇਆ । ਸਾਹਿਬ ਕੇ ਹਜੂਰ ਲਿਆਇ ਕਰ ਦੀਆ । ਬਚਨ ਹੋਆ ਇਆ ਲੋਟਾ ਤੇ ਹੋਰ ਹੈ । ਤਾ ਉਸ ਕਹਾ ਗਰੀਬ ਨਿਵਾਜ ਉਹ ਲੋਟਾ ਤੋ ਬਹਿ ਗਇਆ ਮੈ ਅਉਰ ਲੋਟਾ ਲਿਆਇਆ ਹਉ । ਤਬ ਬਚਨ ਹੋਆ ਬਉਲੀ ਜੀ ਮੋ ਲੋਟਾ ਹੋਵੈਗਾ । ਤਬ ਸਿਖੋ ਨੇ ਤਲਾਸ ਕੀਆ । ਲੋਟਾ ਬਉਲੀ ਜੀ ਮੋ ਨਿਕਲਿਆ । ਗੰਗਾ ਜਲ ਸੋ ਭਰਾ ਹੂਆ । ਤਬ ਲੋਟਾ ਹਜੂਰ ਮੋ ਲੇ ਗਏ । ਤਬ ਸਭ ਸਿਖੋ ਨੇ ਬਉਲੀ ਜੀ ਕੇ ਮਹਾਤਮ ਕੀ ਬਡੀ ਪਰਤਿਗਿਆ ਪਾਈ । ਐਸੀ ਮਹਮਾ ਬਉਲੀ ਜੀ ਕੀ ਹੈ । ਸੂਬ ਤੀਰਥੋ ਕਾ ਤੀਰਥ ਹੈ । ਤਬ ਬਚਨ ਹੋਆ ਮੈ ਸਰਬ ਤੀਰਥ ਬਉਲੀ ਜੀ ਮੋ ਲਿਆਇਆ ਹੋਉ । ਤਾ ਸਰਬਤ ਨੇ ਮਥਾ ਟੇਕਿਆ । ਇਆ ਬਉਲੀ ਜੀ ਸਾਹਿਬ ਕਾ ਮਹਾਤਮ ਲਿਖਾ । ਬੋਲੋ ਵਾਹਿਗੁਰੂ । 12 ।

, ਸਾਖੀ ਹੋਰ ਚਲੀ । ਏਕ ਸਮੇ ਅਕਬਰ ਪਾਤਸਾਹ ਗੁਰੂ ਜੀ ਕੇ ਦਰਸਨ ਕੋ ਆਇਆ । ਤਬ ਸਿਖੋ ਨੇ ਅਰਦਾਸ ਕੀਤੀ ਸਚੇ ਪਾਤਸਾਹ ਪਾਤਸਾਹ ਲੋਗ ਜਮੀਨ ਮੋ ਪਾਉ ਨਹੀ ਧਰਤੇ ਫਰਸ ਉਪਰ ਚਲਦੇ ਹੈ ਪਾਉ ਧਰਦੇ ਹੈ ਜੋ ਮਰਜੀ ਹੋਵੈ ਸੋ ਕਰੀਏ । ਤਬ ਆਗਿਆ ਹੋਈ ਦਰਆਈ ਕੇ ਥਾਨ ਲਿਆਉ । ਜਿਸ ਰਾਹ ਆਵੈ ਤਿਤ ਰਾਹ ਧਰ ਦੇਨਾ ਬਿਛਾਇ ਦੇਨਾ । ਉਸ ਵਖਤ ਸਤਿਗੁਰ ਜੀ ਬਾਉਲੀ ਜੀ ਪਰ ਬੈਠੇ ਥੇ । ਸਿਖੋ ਨੇ ਦਰਿਆਈ ਰਸਤੇ ਮੇ ਬਛਾਇ ਦਿਤੀ । ਤਬ ਬਾਦਸਾਹ ਆਏ । ਰਾਹ ਮੋ ਦਰਿਆਈ ਬਿਛੀ ਥੀ ਉਨਾ ਕੋ ਉਠਾਇ ਲੀਆ । ਪਾਉ ਦਰਿਆਈ ਪਰ ਨਹੀ ਦੀਆ । /ਤਬ ਸਾਹਿਬ ਕੇ ਨਜੀਕ ਅਕਬਰ ਆਨ ਕਰ ਬੈਠੇ । ਸਾਹਿਬ ਕਾ ਬਚਨ ਥਾ ਕੀ ਲੰਗਰ ਕਾ ਪ੍ਰਸਾਦਿ ਖਾਇ ਕਰ ਦਰਸਨ ਕਰੇ । ਸੋ ਪਾਤਸਾਹ ਸੋ ਤੋ ਕੋਈ ਕਹ ਨਾ ਸਕਾ ਕੀ ਪ੍ਰਸਾਦਿ ਖਾਇ ਕਰ ਜਾਈਏ । ਫਿਰ ਸਤਿਗੁਰ ਪ੍ਰਤਾਪ ਸੋ ਅਕਬਰ ਕੇ ਦਿਲ ਮੋ ਆਈ ਕੀ ਮੇਰੀ ਤਾਈ ਆਪ ਦੇ ਦਿਦਾਰ ਕਾ ਬੜਾ ਸਾ ਪ੍ਰਤਾਪ ਨਜਰ ਆਵਦਾ ਹੈ । ਆਪ ਦੇ ਚਿਹਰੇ ਪਰ ਰੋਸਨੀ ਏਤੀ ਹੈ ਜੋ ਕਉਨ ਸੀ ਬਸਤ ਖਾਨ ਮੋ ਆਵਤੀ ਹੈ । ਇਆ ਬਾਤ ਪਾਤਸਾਹ ਨੇ ਪੂਛਾ । ਤਬ ਬਚਨ ਹੋਆ ਅਲੂਨਾ ਵੰਗਰਾ ਹਮ ਖਾਤੇ ਹੈ । ਤਬ ਅਕਬਰ ਨੇ ਬੇਨਤੀ ਕੀਆ ਅਲੂਣਾ ਵੰਗਰਾ ਮੈ ਭੀ ਤਬਰੁਕ ਪਾਵੈ । ਤਬ ਬਨੁ ਕੋ ਆਗਿਆ ਹੋਈ ਥਾਲੀ ਭਰ ਕੇ ਵੰਗਰਾ ਪਾਤਸਾਹ ਕੇ ਆਗੇ ਰਖੋ । ਜਬ ਵੰਗਰਾ ਪਾਤਸਾਹ ਨੇ ਖਾਇਆ ਤਬ ਜੇਤਾ ਮੁਆਦ ਉਮਰ ਭਰ ਮੋ ਖਾਇਆ ਸੋ ਸਭ ਵੰਗਰੇ ਮੋ ਮਿਲਾ । ਤਬ ਬਾਦਸਾਹ ਬਹੁਤ ਮਸਤਾਨ ਕੀਇਆ । ਤਬ ਹਾਥ ਜੋੜ ਕਰ ਅਕਬਰ ਕਹਾ ਕੀ ਮੇਰਾ ਕੁਛ ਦਰਕਾਰ ਨਹੀ । ਤਬ ਭਾਈ ਬਲੂ ਨੇ ਅਰਦਾਸ ਕੀਤੀ ਸਚੇ ਪਾਤਸਾਹ ਜਿਸ ਜਿਮੀ ਮੋ ਰਹੀਦਾ ਹੈ ਸੋ ਦੋਇ ਸੌ ਬਿਗਹਾ ਆਏ ਮਾਨਗ ਲੀਜੀਏ । ਸਿਖ ਸੰਗਤਾ ਆਰਾਮ ਪਾਵੈਗੀ । ਈਹਾ ਕੇ ਜਿਮੀਦਾਰ ਖੇਚਲ ਕਰਦੇ ਹੈ । ਇਸ ਕੋ ਲਿਖਾ ਲੀਜੀਏ । ਤਬ ਇਆ ਬਾਤ ਬਲੂ ਟਹਲੀਏ ਕੇ ਮੁਖ ਨਿਕਲਤੇ ਹੀ ਪਾਤਸਾਹ ਨੇ ਆਪਨੇ ਹਾਥੋ ਸੋ ਦੋਇ ਸੋ ਬਿਗਹ ਆਇਮਾ

37/ਓ

Digitized by Panjab Digital Library | www.panjabdigilib.org

ਕਰ ਦੀਆ ।[1] ਤਬ ਪਾਤਸਾਹ ਸਾਹਿਬੋਂ ਸੇ ਖੁਸੀ ਲੇ ਕਰ ਲਾਹੌਰ ਕੋ ਗਇਆ । ਸਾਖੀ ਪੂਰਨ ਹੋਈ । ਬੋਲੋ ਵਾਹਿਗੁਰੂ । 13 ।

ਸਾਖੀ ਹੋਰ ਚਲੀ । ਭਾਈ ਬਲੂ ਕੋ ਆਗਿਆ ਦੀ ਜੋ ਕੋਈ ਅਰਥੀ ਦੁਖੀ ਹੋਵੇ ਉਹਦੀ ਅਰਦਾਸ ਮੇਰੇ ਹਜੂਰ ਕਰਨੀ । ਅਰ ਜੋ ਕਿਸੀ ਕਾ ਬੇਟਾ ਮਰਤਾ ਤੋ
3ਟ/ਅ ਹਜੂਰ ਮੋਂ/ ਲੇ ਜਾਤਾ । ਸਾਹਿਬੋਂ ਕੇ ਚਰਨ ਪਰਤਾਪ ਸੇ ਜੀਵਤਾ । ਲੋਕ ਦਿਨ ਏਕ ਖਤਰਾਨੀ ਕਾ ਏਕ ਹੀ ਬੇਟਾ ਥਾ । ਵਤ ਰਾਤ ਥੀ । ਜਬ ਪਹਰ ਰਾਤ ਬਾਕੀ ਰਹੀ ਤਬ ਓਹ ਚੌਬਾਰੇ ਜੀ ਕੇ ਆਗੇ ਜਾਇ ਕਰ ਰੋਵਨੇ ਲਗੀ । ਤਬ ਬਚਨ ਹੂਆ ਬਲੂ ਕਉਨ ਰੋਵੀਦਾ । ਤਬ ਬਲੂ ਅਰਦਾਸ ਕੀਤੀ ਸਚੇ ਪਾਤਸਾਹ ਇਆ ਰੰਡੀ ਖਤਰਾਨੀ ਹੈ । ਇਸ ਕੋ ਏਕ ਪੁਤ੍ ਥਾ ਸੋ ਮਰ ਗਇਆ ਹੈ । ਤਿਸ ਦੁਖ ਕਰਕੇ ਰੋਵੀਦੀ ਹੈ । ਤਬ ਬਚਨ ਹੂਆ ਬਲੂ ਇਸ ਨੂੰ ਮਨੇ ਕਰ ਦੇਉ ਇਸ ਵਖਤ ਰੋਇਆ ਨਾਹੀ । ਤਬ ਉਸ ਕੋ ਮਨੇ ਕੀਆ ਬਲੂ ਨੇ । ਪਰ ਉਹ ਮਨੇ ਨਹੀ । ਉਸੀ ਵਖਤ ਲੜਕੇ ਕੋ ਲਾਇ ਕਰ ਚੋਬਾਰੇ ਜੀ ਦੇ ਆਗੇ ਡਾਲ ਦੀਆ । ਤਬ ਸਾਹਿਬ ਨੇ ਉਸ ਦੀ ਅਵਸਥਾ ਦੇਖ ਕਰ ਬਾਹਰ ਆਇ ਕਰ ਉਸ ਬਾਲਕ ਕੇ ਉਪਰਿ ਲੇ ਚਰਨ ਰਖਾ । ਬਾਲਕ ਉਠ ਖੜਾ ਹੂਆ । ਵਹ ਖਤਰਾਨੀ ਬਾਲਕ ਲੇ ਕਰ ਚਲੀ ਗਈ । ਤਬ ਸਾਹਿਬ ਨੇ ਬਲੂ ਕੋ ਕਹਾ ਕਿ ਬਲੂ ਇਹ ਤੋ ਬਾਤ ਬਹੁਤ ਪਰਸਿਧੀ ਕੀ ਹੈ । ਜਿਸ ਕਾ ਬਾਲਕ ਕੋਈ ਮਰਦਾ ਹੈ ਸੋ ਸਭ ਲੇ ਆਵਦਾ ਹੈ । ਤਾ ਤੇ ਐਸਾ ਹੋਵੇ ਜੋ ਜਬ ਲਗ ਹਮ ਹੈ ਤਬ ਲਗ ਕੋਈ ਇਸ ਦਸਤੋ ਦਾ ਮਰੇ ਨਹੀ । ਤਬ ਬਲੂ ਕਹਿਆ ਸਚੇ ਪਾਤਸਾਹ ਅਬ ਤੇਰੀ ਰਸਨਾ ਸੋ ਬਚਨ ਹੋਇਆ ਹੈ । ਅਬ ਐਸੇ ਹੋਵੈਗਾ । ਤਬ ਸੇ ਬਾਈਸ ਬਰਸ ਤਕ ਕੋਈ ਮਰਾ ਨਹੀ ਗੋਇੰਦਵਾਲ ਜੀ ਮੋਂ । ਸਾਹਿਬ ਕੇ ਰਾਤੇ ਕੋਈ ਦੋਖ ਕਲੇਸ ਮਰਨਾ ਕਿਸੇ ਕਉ ਹੋਵੈ ਨਹੀ । ਨਹੀ । ਐਸਾ ਜੋ ਜੈਕਾਰ ਬਰਤਾ । 14 ।

ਅਬ ਸਾਖੀ ਹੋਰ ਚਲੀ । ਏਕ ਦਿਨ ਸਾਹਿਬ ਲੰਗਰ ਮੋਂ ਪ੍ਰਸਾਦਿ ਕਰ ਕੇ ਉਠੇ । ਤਬ ਭਾਈ ਬੁਢੇ ਨੇ ਅਰਦਾਸ ਕੀਤੀ ਸਚੇ ਪਾਤਸਾਹ ਸਾਰੀ ਸੰਗਤ ਛਤੀਸ ਪ੍ਰਕਾਰ[1] ਖਾਤੀ ਹੈ । ਸਾਹਿਬ ਵੰਗਰਾ ਖਾਤੇ ਹੈ । ਤਿਸ ਉਗਰੇ ਕਾ ਬਚਨ ਹੋਵੈ ਸੰਗਤ ਨੂੰ । ਤਬ ਬਚਨ ਹੋਇਆ ਬੁਢਿਆ ਸਾਡੇ ਮੁਖ ਵਿਚ ਤੂ ਦੇਖ ਤੇ ਅਸੀ ਹੀ ਸਭ ਕਿਛ ਖਾਤੇ ਹੈ । ਜਬ ਬੁਢੇ ਨੇ ਸਾਹਿਬੋ ਕੇ ਮੁਖ ਵਲ ਨਿਰਖ ਕਰ ਦੇਖਾ ਤੋ ਕਿਆ ਦੇਖੇ/ਕੀ ਜੇਤਾ ਪ੍ਰਸਾਦਿ ਲੰਗਰ ਮੋਂ ਭਇਆ ਹੈ ਸੋ ਸਭ
38/ਓ ਸਾਹਿਬੋਂ ਕੇ ਮੁਖ ਮੋ ਨਜਰ ਆਇਆ । ਅਰ ਬਚਨ ਹੋਇਆ ਬੁਢਿਆ ਅਸਾਨੂੰ ਸੰਗਤ ਸਿਖ ਦਾ ਖਾਧਾ ਸਰਬ ਪ੍ਰਾਪਤ ਹੁੰਦਾ ਹੈ । ਬਚਨ ਹੋਇਆ ਜੋ ਸਤਿਗੁਰ ਕਿਪ੍ਰਾ ਤੇ ਸਿਖ ਮੁਖ ਪਾਇ । ਤਬ ਬੁਢੇ ਹਾਥ ਜੋੜ ਕਰ ਮਥਾ ਟੇਕਿਆ । ਬੋਲੋ ਵਾਹਿਗੁਰੂ । 15 ।

---

1. ਇਹ ਜ਼ਮੀਨ ਗੋਇੰਦਵਾਲ ਵਾਲੀ ਜਾਪਦੀ ਹੈ
2. ਛੱਤੀ ਪ੍ਰਕਾਰ ਦੇ ਅਮ੍ਰਿਤ ਤੁੱਲ ਰਸਦਾਇਕ ਭੋਜਨ

Digitized by Panjab Digital Library | www.panjabdigilib.org

ਸਾਖੀ ਹੋਰ ਚਲੀ। ਇਕ ਸਮੇ ਸਾਹਿਬ ਬਾਉਲੀ ਜੀ ਸੋਇਸ ਨਾਨ ਕਰ ਕੇ ਲੰਗਰ ਮੋ ਆਏ। ਆਗੇ ਹੰਦਾਲ ਜਟ ਲੰਗਰ ਕੀ ਕਾਰ ਕਰਤਾ ਥਾ। ਉਸ ਵਖਤ ਲੰਗਰ ਕਾ ਆਟਾ ਮਲਦਾ ਥਾ। ਸਾਹਿਬ ਜਬ ਸਿਰ ਪਰ ਆਏ ਤਬ ਹੰਦਾਲ ਉਠ ਕਰ ਆਏ। ਹਾਥ ਪਿਠ ਪਿਛੈ ਕਰ ਕੇ ਮਥਾ ਟੇਕਿਆ। ਤਬ ਬਚਨ ਹੋਇਆ ਹੰਦਾਲ ਤੈ ਅਪਨਾ ਨਇਆ ਪੰਥ ਚਲਾਇਆ ਹੈ। ਤਬ ਹੰਦਾਲ ਹਥ ਜੋੜ ਕਰ ਖੜਾ ਹੋਇਆ। ਮਥਾ ਟੇਕਿਆ। ਤਬ ਸਾਹਿਬੋ ਕਾ ਹੁਕਮ ਹੋਇਆ ਜੋ ਬਲੂ ਇਆ ਸੂਦਨਾ ਹੰਦਾਲ ਕੇ ਏਹ। ਤਬ ਸੂਦਨਾ ਲੈ ਕਰ ਹੰਦਾਲ ਕੇ ਸਿਰ ਪਰ ਬਾਂਧਾ। ਤਬ ਹੰਦਾਲ ਕੋ ਬਚਨ ਹੋਇਆ, ਜਾਹਿ ਤੂ ਸਤਿਨਾਮ ਕਾ ਮੰਤ੍ਰ ਜਪ ਅਰ ਜਪਾਹਿ। ਤਬ ਹੰਦਾਲ ਬਿਦਾ ਹੋਇਆ। ਆਪਣੇ ਘਰ ਜਾਇ ਕਰ ਗੁਰੂ ਗੁਰੂ ਲਗਾ ਜਪਣ ਅਰ ਜਪਾਵਣ। ਸਾਖੀ ਪੂਰੀ ਹੋਈ। 16।

ਸਾਖੀ ਹੋਰ ਚਲੀ। ਏਕ ਸਿਖ ਜਾਤ ਖਤ੍ਰੀ ਤਿਲਵੰਡੀ ਮੋ ਰਹਤਾ ਥਾ। ਗੋਇੰਦਵਾਲ ਸੋ ਤੀਨ ਕੋਸ ਰਹਤਾ ਥਾ। ਸੋ ਸਾਹਿਬ ਕੇ ਵਾਸਤੇ ਦਹੀ ਰੋਜ ਲਿਆਵਤਾ। ਸਾਹਿਬ ਜਬ ਪ੍ਰਸਾਦਿ ਪਾਵਣੇ ਬੈਠਤੇ ਤਬ ਆਨ ਰਜੂ ਹੋਤਾ। ਉਸ ਕੇ ਏਕ ਟਾਂਗ ਸੋ। ਲੰਗੜਾ ਚਲਦਾ। ਟਾਂਗ ਕੀ ਜਗਾਹ ਕਾਠ ਕੀ ਘੋੜੀ ਰਖਤਾ। ਤਦ ਏਕ ਦਿਨ ਦਹੀ ਸਾਹਿਬੋ ਦੇ ਵਾਸਤੇ ਲੀਏ ਚਲਾ ਆਵਤਾ ਥਾ। ਤਬ ਜਿਮੀਦਾਰ ਲੰਗ ਦਸ ਪਾਚ ਰਾਹ ਮੋ ਬੈਠੇ ਥੇ। ਤਬ ਉਨ ਨੇ ਕਹਾ ਕੀ ਸੁਨ ਤੋ ਭਾਈ ਤੈ ਦਹੀ ਕਹਾ ਲੈ ਚਲਾ ਹੈ। ਤਬ ਓਹ ਬੋਲਾ ਕੀ ਮੈ ਅਪਨੇ ਗੁਰੂ ਕੋ ਦਹੀ ਲੇ ਜਾਵਤਾ ਹੂੰ। ਤਬ ਉਨੰ ਨੇ ਕਹਾ ਕਿ ਤੇਰੇ ਗੁਰੂ ਸੋ ਇਤਨਾ
38/ਅ ਨਹੀ ਹੋ/ ਸਕਦਾ ਜੋ ਤੇਰੀ ਟੰਗਰੀ ਸਬੂਤ ਕਰ ਦੇ। ਤਬ ਉਸ ਸਿਖ ਨੇ ਕਹਾ ਮੈ ਆਪਣੇ ਗੁਰੂ ਕੋ ਕੋਈ ਕਹਾ ਤੋ ਨਹੀ। ਤਬ ਉਨੰ ਨੇ ਮਸਕਰੀ ਘੜੀ। ਦੁਟਿਤਾਤੀ ਕੀਆ। ਘੋੜੀ ਕਾਠ ਕੀ ਛੀਨ ਲੀਆ, ਫਿਰ ਦੀਆ। ਤਬ ਵਹੁ ਸਿਖ ਦਹੀ ਲੇ ਕਰ ਸਾਹਿਬੋ ਕੇ ਪਾਸ ਆਇਆ। ਸਾਹਿਬ ਲੰਗਰ ਮੋ ਉਸ ਵੇਲੇ ਥੇ। ਤਬ ਸਾਹਿਬ ਪੂਛਾ ਕੀ ਆਜ ਤੈਨੂੰ ਘਬੇਰ ਕਿਉ ਭਈ। ਤਬ ਉਹ ਸਿਖ ਨੇ ਸਭ ਹਕੀਕਤ ਕਹ ਸੁਨਾਇਆ। ਤਬ ਸਾਹਿਬੋ ਨੇ ਹੁਕਮ ਕੀਆ ਕੀ ਤੈਨੂੰ ਟੰਗਤੀ ਚਾਹੀਐ ਤੋ ਤੂ ਸਾਹ ਹੁਸੈਨ ਬਰੀਨੇ ਪਾਸ ਜਾਇ ਤਾਨਪੁਰ। ਮੋ ਤਬ ਵਹੁ ਸਾਹ ਹੁਸੈਨ ਕੇ ਪਾਸ ਗਇਆ। ਤਬ ਸਾਹ ਹੁਸੈਨ ਜਜਬਾ ਬਹੁਤ ਕਰਤੇ ਥੇ, ਜੋ ਨਜਦੀਕ ਕੋਈ ਨਾ ਜਾ ਸਕਤਾ। ਤਬ ਇਆ ਸਿਖ ਜੋ ਗਇਆ ਤੋ ਜਾਇ ਕਰ ਸਾਹ ਹੁਸੈਨ ਕੇ ਪਾਸ ਜਾਇ ਕਰ ਬੈਠਾ। ਤਬ ਸਾਹ ਹੁਸੈਨ ਨੇ ਪੂਛਾ ਕੀ ਕਿਉ ਰੇ ਉਗਵੜ ਤੂ ਕਿਉ ਆਇਆ ਹੈ। ਤਬ ਉਸ ਨੇ ਕਹਾ ਕੀ ਮੁਝ ਕੋ ਗੁਰੂ ਸਾਹਿਬ ਨੇ ਭੇਜਾ ਹੈ ਮੇਰੇ ਟੰਗਰੀ ਏਕ ਨਹੀ। ਤਬ ਸਾਹ ਹੁਸੈਨ ਨੇ ਜਜਬਾ ਕੀਆ, ਲਕੜੀ ਲੇ ਕਰ ਮਾਰਨੇ ਉਠੇ। ਤਬ ਇਆ ਸਿਖ ਨੇ ਦੇਖ ਕਰ, ਜਜਬਾ ਦੇਖ ਕਰ, ਕਾਠ ਕੀ ਘੋੜੀ ਛੋਡ ਕਰ ਭਾਗਾ, ਥੋੜੀ ਦੂਰ ਭਾਗ ਗਇਆ। ਤਬ ਜੋ ਦੇਖੈ ਤੋ ਟੰਗਰੀ ਤੋ ਮੇਰੀ ਦਰੁਸਤ

1. ਇਸ ਥਾਂ ਦਾ ਅਜੇ ਪਤਾ ਨਹੀਂ ਲਗਾ। 'ਮਹਿਮਾ ਪ੍ਰਕਾਸ਼', ਭਾਗ 2, ਪੰਨਾ 246 ਵਿਚ ਸ਼ਾਹ ਹੁਸੈਨ ਨੂੰ ਦਖਣਾ ਨਹੀਂ ਆਖਿਆ ਗਿਆ, ਨਾ ਹੀ ਉਸ ਵਿਚ ਤਾਨਪੁਰ ਦਾ ਉੱਲੇਖ ਹੈ

Digitized by Panjab Digital Library | www.panjabdigilib.org

ਭਈ । ਤਬ ਸਾਹ ਹੁਸੈਨ ਕੇ ਪਾਸ ਜਾਇ ਕਰ ਕਦਮ ਛਹਨ ਲੱਗਾ ਅਰ ਕਹਨੇ ਲਗਾ ਕੀ ਮੇਰੀ ਟੰਗਰੀ ਆਪ ਨੇ ਦਰੁਸਤ ਕੀਆ । ਤਬ ਸਾਹ ਹੁਸੈਨ ਨੇ ਕਹਾ ਕੀ ਟੰਗਰੀ ਕੇ ਦਰੁਸਤ ਕਰਨੇ ਵਾਲਾ ਤੋ ਗੋਂਇੰਦਵਾਲ ਮੋ ਬੈਠਾ ਹੈ ਮਾਲਕ ਵਹੁ ਹੈ ਹਮ ਕੋ ਉਸੀ ਕਾ ਵਚਨ ਹੈ । ਤਬ ਓਹ ਜੋ ਸਿਖ ਥਾ ਸਾਹਿਬੋ ਕਾ ਬਚਨ ਲੇ ਕਰ ਘਰ ਗਇਆ । ਉਸ ਕੇ ਮਨੋਰਥ ਪੂਰੇ ਭਏ । ਸਾਖੀ ਪੂਰਨ ਭਈ । 17

ਸਾਖੀ ਹੋਰ ਚਲੀ । ਏਕ ਪ੍ਰੇਮਾ ਕੋੜੀ ਥਾ । ਜਾਤ ਕਾ ਖਤ੍ਰੀ ਥਾ । ਸਰੀਰ ਬਿਗੜੀ ਥਾ । ਹਾਥ ਪਾਉ ਦੋਨੋ ਵੜੇ ਥੇ । ਗਲੇ ਮੇ ਮਿਟੀ ਕਾ ਲੋਟਾ ਬਾਧੇ ਰਹਤਾ । ਅਰ ਜੋ ਕੋਈ ਖਾਨੇ ਕੋ ਦੇ ਸੋ ਖਾਵੇ । ਅਰ ਰੁਲਤਾ ਫਿਰਤਾ । ਕੋਈ ਬਾਤ ਨਾ ਪੂਛੇ । ਤਬ ਸਤਿਗੁਰ ਕੀ ਮਹਮਾ ਸੁਣ ਕਰ ਸਾਹਿਬ ਕੇ ਦੁਆਰੇ ਪਰਿਆ । ਇਹ ਸੁਨਾ ਉਸ ਨੇ ਕੀ ਸਭ ਜੀਵੋ ਕੀ ਆਸ ਪੂਰਨ ਕੀਤੀ ਹੈ । ਲੰਗਰ ਕੇ ਦੁਆਰੇ ਅਗਨ ਕਾ ਪੂਆ[1] ਜਹਾ ਬਾਹਰੀ ਤਰਫ ਹੈ ਤਾ ਪੜਾ ਰਹੇ । ਸਿਖ ਲੋਗ ਉਸੇ ਕਹੋ ਤੂ ਗਾਉ, ਤਬ ਉਹ ਗਾਵੈ । ਤੋ ਕਿਆ ਗਾਵੈ ਕੀ, ਮੈ ਗਇਆ ਕਛੋਟਾ ਲਧਾ ਨੀ ਮੈ ਗਇਆ ਕਛੋਟਾ ਲਧਾ । ਐਸੀ ਬਾਤ ਕੀ ਬਾਤ ਹਰਿ ਵਖਤ ਹੋਤੇ ਹੋਤੇ ਸਾਹਿਬੋ ਕੇ ਕਾਨ ਅਵਾਜ ਆਈ । ਤਬ ਬਚਨ ਹੂਆ ਕੀ ਕਿਆ ਸੋਰ ਹੁੰਦਾ ਹੈ । ਤਬ ਸਿਖੋ ਨੇ ਅਰਦਾਸ ਕੀਤੀ ਸਚੇ ਪਾਤਸਾਹ ਏਕ ਪ੍ਰੇਮਾ ਸੋਚੀ ਹੈ ਸੋ ਸਿਖੋ ਕੇ ਜੂਠੇ ਖਾਂਦਾ ਹੈ, ਅਰ ਸਿਖ ਲੋਗ ਕਹਦੇ ਹੈ ਕੀ ਤੂ ਗਾਉ । ਤਬ ਵਹ ਖੜਾ ਹੋਰ ਪ੍ਰੇਮ ਸੋ ਗਾਵਤਾ ਹੈ । ਗਇਆ ਕਛੋਟਾ ਲਧਾ ਜੀ ਮੈ ਗਇਆ ਕਛੋਟਾ ਲਧਾ । ਸਚੈ ਪਾਤਸਾਹ ਇਆ ਗਾਵਦਾ ਹੈ । ਅਬ ਲੰਗਰ ਕੇ ਬਾਹਰੀ ਵਲ ਦਰਵਾਜੇ ਪਰ ਖੜਾ ਰਹਤਾ ਹੈ । ਤਬ ਬਚਨ ਹੋਇਆ ਕੀ ਉਸ ਨੇ ਗੁਰੂ ਲਧਾ ਹੈ ਉਸ ਕੋ ਲਿਆਵਉ । ਬਾਹਰ ਵਲ ਜੋ ਕੁੰਡ ਹੈ ਤਹਾ ਅਸਨਾਨ ਕਾ ਜਲ ਬਹੁਰਤਾ ਹੈ, ਉਸੀ ਕੁੰਡ ਮੋ ਇਸ ਕੋ ਇਸਨਾਨ ਕਰਾ ਕਰ ਅਰ ਮਜੀਠੇ ਕੇ ਰੰਗੇ ਕਪੜੇ ਮੋ ਲਪੇਟ ਕਰ ਸਾਰੀ ਸਰੀਰ ਉਸ ਕੀ ਮੇਰੇ ਹਜੂਰ ਮੋ ਲਿਆਵੋ । ਤਬ ਸਿਖੋ ਨੇ ਜੋ ਬਚਨ ਪਇਆ ਸੋਈ ਕਰ ਕੇ ਹਜੂਰ ਮੋ ਲੇ ਗਏ । ਤੰਦ ਉਸ ਕੋ ਬਚਨ ਹੋਇਆ ਰੇ ਸਾਧਾ ਤੂ ਮੂਹ ਖੋਲ ਕਰ ਦੀਦਾਰੇ ਦੇਹ । ਤਬ ਸਿਖੋ ਨੋ ਕਪੜਾ ਖੋਲਾ ਮੂਹ ਕਾ ਤੋ 16 ਬਰਸ ਕੀ ਅਵਸਥਾ ਮਹਾ ਸੁੰਦਰ ਜੈਸੇ ਦੇਵਤਾ ਕੀ ਸਰੀਰ ਹੋਇ ਗਇਆ । ਸਰੀਰ ਕੰਚਨ ਭਈ । ਤਬ ਬਚਨ ਹੋਇਆ ਕੀ ਇਸ ਸਿਖ ਕੋ ਕੋਈ ਬੇਟੀ ਦੇਹ । ਤਬ ਸਿਖੋ ਨੇ ਅਰਜ ਕੀਤੀਆ ਸਚੇ ਪਾਤਸਾਹ ਇਸ ਕੋ ਤੋ ਬਾਪ ਨਹੀ, ਮਹਤਾਰੀ ਨਹੀ । ਤਬ ਬਚਨ ਹੋਇਆ ਕੀ ਅਸੀ ਇਸ ਕੇ ਬਾਪ ਹੈ, ਇਆ ਸਾਡਾ ਪੁਤ੍ਰ ਹੈ । ਤਬ ਇਤਨਾ ਬਚਨ ਕੇ ਨਿਕਲਤੇ ਹੀ ਸੀਹਾ ਉਪਲ ਖਤ੍ਰੀ ਥਾ । ਤਬ ਉਸ ਨੇ ਹਾਥ ਜੋੜ ਕੇ ਕਹਾ ਸਚੇ ਪਾਤਸਾਹ ਮੇਰੀ ਬੇਟੀ ਹੈ ਬੜ ਜੋਗ । ਮੈ ਲੇ ਆਵਦਾ ਹਾ । ਪਰ ਮੇਰੀ ਸਿਖਨੀ ਬਡੀ ਸਖਤ ਹੈ । ਤੰਦੀ ਦੁਆਇ ਸੋਇ ਜੋ ਉਸ ਕੋ ਸੁਮਤਿ ਆਵੈ । ਤਬ ਬਚਨ ਹੋਇਆ ਕੀ ਜੋ ਬੇਟੀ ਦੇਵੇਗਾ ਸੋ ਨਿਹਾਲ ਹੋਵੇਗਾ । ਤਬ ਸੀਹਾ ਉਪਲ ਗਇਆ । ਜਾਇ ਕਰ ਸਿਖਨੀ ਲੰਗਰ ਕੀ ਸੇਵ ਦਾਲ ਕੋ ਭੇਜ ਦੀ । ਬੇਟੀ ਹਜੂਰ ਮੋ ਲੇ ਆਇਆ ।

---

[1] ਭੱਠੀ ।

Digitized by Panjab Digital Library | www.panjabdigilib.org

ਸਾਹਿਬੋ ਨੇ ਪ੍ਰੇਮੇ ਕਾ ਨਉ ਮੁਰਾਰੀ ਰਖਾ । ਅਰ ਸੀਹੇ ਕੀ ਬੇਟੀ ਸੋ ਬਿਆਹ ਕਰ ਦੀਆ । ਤਬ ਸੀਹੇ ਦੀ ਸਿਖਨੀ ਨੇ ਸੁਨਾ । ਤਬ ਹਜੂਰ ਮੋ ਲਗੀ ਬਿਲਾਪ ਕਰਨੇ, ਗਰੀਬ ਨਿਵਾਜ ਮੇਰੀ ਬੇਟੀ ਨਿਨਾਵੈ ਦੀਆ ਜਿਸ ਕਾ ਨਾਉ ਨ ਥੇਹ । ਤਬ ਬਚਨ ਹੋਇਆ ਤੇਰੀ ਬੇਟੀ ਕਾ ਅਰ ਇਸ ਕਾ ਨਾਉ ਜਗਤ ਜਪੇਗਾ । ਅਰ ਤੇਰੀ ਬੇਟੀ ਕਾ ਨਾਉ ਮਥੋ ਆਹ। ਇਸ ਕਾ ਨਾਉ ਮੁਰਾਰੀ ਰਖਾ । ਜਾਹ ਜੋ ਕੋਈ ਮਥੋ ਮੁਰਾਰੀ ਨੂੰ ਮਨੈਗਾ ਸੋ ਮੈਨੂੰ ਮਨੈਗਾ । ਸਾਹਿਬ ਨੇ ਤਿਲਕ ਮੰਗਾ ਕਰ ਦੀਆ । ਅਰ ਬਚਨ ਕੀਆ ਕੀ ਜਾਹ ਘਰ ਮੋ ਬੈਠ ਕਰ ਸਤਿਨਾਮ ਕਾ ਮੰਤ੍ਰ ਜਪ ਅਰ ਲੋਕਾ ਨੂੰ ਜਪਾਹਿ । ਜੋ ਤੈਨੂੰ ਮਨੇਗਾ ਸੋ ਮੈਨੂ ਮਨੇਗਾ । ਇਆ ਮਥੋ ਮੁਰਾਰੀ ਕੀ ਮੰਜੀ ਕੀ ਬਖਸ ਹੋਈ । ਬੋਲੋ ਵਾਹਿਗੁਰੂ । 18 ।

ਸਾਖੀ ਹੋਰ ਚਲੀ । ਖੇਡਾ ਸੋਇਰੀ ਸਾਰਸੁਤ[1] ਬ੍ਰਹਮਨ ਥਾ । ਸੋ ਦੇਵੀ ਕਾ ਉਪਾਸਕ ਥਾ । ਨਵਰਾਤ੍ਰ[2] ਕੋ ਜਵਾਲ ਮੁਖੀ ਕੋ[3] ਦਰਸਨ ਕੋ ਚਲਾ ਥਾ । ਜਥ ਗੋਇੰਦਵਾਲ ਕੇ ਨਜੀਕ ਆਇਆ ਤਬ ਲੰਗਰ ਮੋ ਪ੍ਰਸਾਦਿ ਖਾਨੇ ਕੋ ਸਿਖਾ ਨੇ ਕਹਾ । ਤਬ ਖੇਡਾ ਸੋਇਰੀ ਨੇ ਕਹਾ ਕੀ ਮੈ ਤੋ ਬਰਤੀ ਹੋ । ਤਬ ਦਰਸਨ ਨਾ ਆਇਆ । ਵਹੀ ਚਲਤਾ ਗਇਆ । ਜਬ ਦੁਇ ਕੋਸ ਪਰ ਗਇਆ ਤਬ ਰਸਤੇ ਮੇ ਦੇਵੀ ਕਾ ਦਰਸਨ ਭਇਆ । ਤਬ ਹਾਥ ਜੋੜ ਕਰ ਖੇਡੇ ਨੇ ਆਖਿਆ ਹੈ ਮਾਤਾ ਤੂ ਕਹਾ ਚਲੀ ਹੈ । ਤਬ ਦੇਵੀ ਨੇ ਕਹਾ ਕੀ ਮੈ ਸਤਿਗੁਰ ਕੇ ਦਰਸਨ ਕੋ ਚਲੀ ਹਉ । ਤਬ ਖੇਡੇ ਨੇ ਮਨ ਮੋ ਬਿਚਾਰ ਕੀਤਾ ਜਿਸ ਗੁਰੂ ਕੇ ਦਰਸਨ ਦੇਵੀ ਆਪ ਜਾਤੀ ਹੈ ਮੈ ਬੇਮੁਖ ਭਇਆ ਜਾਤਾ ਹਉ । ਤਬ ਖੇਡਾ ਫਿਰ ਕਰ ਦਰਸਨ ਕੋ
40/ੳ
ਆਇਆ । ਤਬ ਖੇਡੇ ਨੇ/ਚਰਨੋ ਪਰ ਮਥਾ ਟੇਕਿਆ । ਤਬ ਬਚਨ ਹੋਇਆ ਬਲੂ ਖੇਡੇ ਕੋ ਮੇਰੇ ਚੋਬਾਰੇ ਮੇ ਲੇ ਜਾਉ । ਮਾਈ ਕਾ ਦਰਸਨ ਕਰਾਉ । ਤਬ ਬਲੂ ਚੁਬਾਰੇ ਮੋ ਲੇ ਗਇਆ । ਖੇਡੇ ਕੋ ਚੋਬਾਰੇ ਜੀ ਸੋ ਛੋਡ ਕਰ ਬਲੂ ਚਲੇ ਆਏ । ਤਬ ਖੇਡਾ ਕਿਆ ਦੇਖੇ ਕੀ ਅਠਾਰਾ ਭੁਜੀ[4] ਕਾ ਦਰਸਨ ਹੈ । ਤਬ ਦਰਸਨ ਦੇਖ ਕਰ, ਜੋਤ ਦਾ ਪ੍ਰਕਾਸ ਦੇਖ ਕਰ ਬੇ ਸੁਧ ਹੋ ਕਰ ਗਿਰ ਪੜਾ । ਮੂਰਛਾ ਹੋਇ ਗਇਆ । ਤਬ ਬਲੂ ਨੇ ਹਜੂਰ ਮੋ ਅਰਦਾਸ ਕੀਆ ਸਚੇ ਪਾਤਸਾਹ ਖੇਡਾ ਮੂਰਛੀਤ ਹੋਇ ਗਇਆ ਹੈ । ਤਤ ਸਾਹਿਤ ਚੋਬਾਰੇ ਮੋ ਗਏ । ਖੇਡਾ ਕੀ ਠੰਡੀ ਪਕਰ ਕੇ ਉਠਾਇਆ । ਬਚਨ ਹੋਇਆ ਤੂ ਤਾ ਮਾਈ ਕਾ ਦਰਸਨ ਕੀਆ ਹੈ । ਤੂ ਉਠ ਕਰ । ਸਾਉਧਾਨ ਹੋਵਉ । ਤਬ ਖੇਡੇ ਨੇ ਆਖ ਖੋਲੀ । ਸਤਿਗੁਰ ਕੇ

---

1. ਬ੍ਰਾਹਮਣਾਂ ਦੀ ਵਿਸ਼ੇਸ਼ ਗੋਤ, ਜਿਸ ਦਾ ਮੂਲ ਖੱਤਰੀ ਹੈ । ਪਰਸ਼ੂ ਰਾਮ ਦੇ ਖੱਤਰੀ-ਸੰਘਾਤ ਸਮੇਂ ਇਸ ਗੋਤ ਦੀਆਂ ਇਸਤ੍ਰੀਆਂ ਨੂੰ ਰਿਸ਼ੀਆਂ ਨੇ ਬ੍ਰਾਹਮਣੀਆਂ ਆਖ ਕੇ ਬਚਾ ਲਿਆ । ਇਨ੍ਹਾਂ ਦੀ ਉਲਾਦ ਸਾਰਸੁਤ ਬ੍ਰਾਹਮਣ ਹੋਏ
2. ਅਸੂ ਸੁਦੀ 1-9 ਅਤੇ ਚੇਤ ਸੁਦੀ 1-9 ਤੱਕ ਦੀਆਂ ਰਾਤਾਂ ਜਿਨ੍ਹਾਂ ਵਿਚ ਦੁਰਗਾ ਦੇ ਨੌ ਰੂਪਾਂ ਦੀ ਪੂਜਾ ਕੀਤੀ ਜਾਂਦੀ ਹੈ
3. ਜ਼ਿਲਾ ਕਾਂਗੜਾ ਦੀ ਤਹਿਸੀਲ ਹਰੀਪੁਰ ਵਿਚ ਦੇਵੀ ਦਾ ਥਾਨ ਜੋ ਕਾਂਗੜੇ ਤੋਂ 22 ਮੀਲ ਦੱਖਣ ਵੱਲ ਹੈ
4. 'ਮਹਿਮਾ ਪ੍ਰਕਾਸ਼' (ਭਾਗ 2, ਪੰਨਾ 220) ਅਨੁਸਾਰ ਅਸ਼ਟ ਭੁਜੀ

Digitized by Panjab Digital Library | www.panjabdigilib.org

ਚਰਨੋ ਪਾਸ ਆਨ ਪਇਆ । ਤਬ ਖੇਡੇ ਅਰਦਾਸ ਕੀਤੀ ਮੈਨੂੰ ਆਪਨਾ ਸਿਖ ਕਰੀਏ । ਤਬ ਬਚਨ ਹੋਇਆ ਖੇਡਾ ਤੂ ਸਿਖ ਹਮਾਰਾ ਹੈ, ਸਤਿਨਾਮ ਕਾ ਮੰਤ੍ਰ ਪਢ ਅਰ ਅਉਰਾ ਕੋ ਉਪਦੇਸ ਪੂਜਾ ਦੇਵੀ ਕਾ ਕਰਨਾ । ਤੂ ਨਿਹਾਲ ਹੂਆ ਜਗਤ ਤੇਰੀ ਪੂਜਾ ਕਰੇਗਾ । ਸਾਖੀ ਪੂਰਨ ਹੋਈ। ਬੋਲੋ ਵਾਹਿਗੁਰੂ । 19 ।

ਸਾਖੀ ਹੋਰ ਚਲੀ । ਫਿਰਿਆ ਖਤ੍ਰੀ ਅਰ ਕਟਾਰਾ ਜਿਮੀਦਾਰ ਥਾ । ਸੋ ਦੋਨੋ ਗੁਰੂ ਕੇ ਸਿਖ ਥੇ । ਦੋਨੋ ਕਾ ਆਪਸ ਮੇ ਬਡਾ ਮੇਲ ਥਾ । ਇਕ ਦਿਨ ਹਜੂਰ ਮੇ ਦੋਨੋ ਹਾਜਰ ਥੇ । ਤਬ ਬਚਨ ਹੋਇਆ ਕੀ ਤੁਮਾਰੇ ਮੁਲਕ ਮੇ ਕਿਸ ਕਾ ਪਰਚਾ ਹੈ । ਤਬ ਉਨੋ ਨੇ ਕਿਹਾ ਮਿਹਰਵਾਨ ਸਾਡੇ ਦੇਸ ਮੋ ਜੋਗੀਆ ਕੀ ਮਨ ਹੈ ਅਰ ਗੋਰਖ ਕੀ ਪੂਜਾ ਕਰਤੇ ਹੈ । ਤਬ ਆਗਿਆ ਹੋਈ ਕਿ ਤੁਮ ਜਾਹੋ ਸਤਿਨਾਮ ਕਾ ਬਰਤਾਰਾ ਬਰਤਾਉ। ਸਤਿਨਾਮ ਜਪੋ ਅਰ ਜਪਾਵੋ । ਜਹਾ ਤਕ ਮੜੀ ਹੈ ਜੋਗੀਆ ਦੀ ਸਭ ਢਾਹ ਦੇਨਾ । ਸੰਗਤ ਬਨਾਵਨਾ । ਤਬ ਉਹ ਬਚਨ
49/ਉ ਮਨ ਕਰ ਚਲੇ । ਜਹਾ ਜੋਗੀਆ ਕੀ ਮੜੀ ਦੇਖੇ ਤਹ ਗਿਰਾ ਦੇਵੈ ਧਰਮਸਾਲਾ, ਬਾਧੇ । ਤਬ ਜੋਗੀ ਕੇ ਸਿਖਉ ਨੇ ਮਾਰਨੇ ਜੋ ਆਵੇ । ਜਬ ਨਜੀਕ ਆਵੇ ਤਬ ਡਰ ਮੰਨੇਹ ਕੀ ਇਨੋ ਨੇ ਤੋ ਹਮਾਰੇ ਗੁਰੂ ਕੀ ਮੜੀ ਢਾਹ ਡਾਲੀ ਹੈ ਇਨ ਕੋ ਕੁਛ ਭੈ ਨਹੀ ਆਵਦੀ । ਏ ਕੋਈ ਬਡੇ ਮਹਾਪੁਰਖ ਹੈ । ਜੋਗੀ ਸਿਖ ਸਭ ਆਨ ਕਰ ਚਰਚਾ ਕਰਨ ਅਰ ਸਿਖ ਹੋਦੇ ਜਾਨਿ । ਹਜਾਰੋ ਮੜੀ ਜੋਗੀ ਕੀ ਢਾਹ ਕਰ ਸੰਗਤ ਧਰਮਸਾਲ ਫਿਰਿਆ ਕਟਾਰਾ ਦੋਨੋ ਸਿਖੋ ਨੇ ਬਾਂਧਾ ਲਹਤੇਰ ਸੋ ਪਛਮ ਕੀ ਦਿਸ ਮੋ । ਬੋਲੋ ਵਾਹਿਗੁਰੂ । ਸਾਖੀ ਪੂਰੀ ਹੋਈ । 20।

ਸਾਖੀ ਹੋਰ ਚਲੀ । ਬਾਈਸ ਮੰਜੀ ਕਾ ਬਖਸ ਹੂਆ ਬਾਉਲੀ ਜੀ ਕੇ ਉਪਰਿ । ਇਸ ਪ੍ਰਕਾਰ ਕਰਕੇ ਜਿਨਹੁ ਬਾਉਲੀ ਜੀ ਕੀ ਟਹਲ ਕੀਤੀ ਸਭ ਕੀ ਗਤਿ ਹੋਈ। 21 ।

ਆਗੇ ਸਾਖੀ ਹੋਰ ਚਲੀ । ਏਕ ਸਮੇ ਬੇਣੀ ਪੰਡਤ ਗੋਇੰਦਵਾਲ ਸਾਹਿਬ ਆਨ ਪਹੁੰਚਿਆ ਜਿਸ ਕੇ ਸਾਥ ਨਵ ਭਾਰ ਉਠਾ ਕੀ ਚਲਤੀ ਥੀ । ਪੋਥੀ ਨਵ ਭਾਰ ਉਠਾ ਕੇ ਭਰੇ ਥੇ । ਤਬ ਹਜੂਰ ਮੋ ਆਇਆ । ਆਇ ਕਰ ਹਜੂਰ ਮੋ ਗੁਰੂ ਜੀ ਸੇ ਚਰਚਾ ਲਗਾ ਕਰਨੇ, ਤੁਮਾਰੇ ਪੰਥ ਮੋ ਤੀਰਥ ਬਰਤ ਨਹੀ ਅਰ ਕਰਮੋ ਕਾ ਸਾਧਨ ਨਹੀ ਇਨ ਸਿਖੋ ਕੀ ਕਉਨ ਗਤਿ ਹੋਵੈਗੀ । ਤਬ ਸਾਹਿਬ ਨੇ ਬਚਨ ਕੀਆ ਹੈ ਪੰਡਤ ਇਸ ਕਲਜੁਗ ਮੋ ਤੀਰਥ ਬਰਤ ਕਰ ਕੇ ਅਰ ਖਟ ਕਰਮ ਕਰ ਕੇ ਪਰਮ ਗਤਿ ਪ੍ਰਾਪਤ ਨਹੀ ਹੋਤੀ ਬਿਨਾ ਇਕ ਨਾਮ ਕੇ ਅਰ ਗੁਰੂ ਕੀ ਟਹਲ ਬਿਨਾ । ਅਰ ਤੁਮ ਜੋ ਕਹਦੇ ਹੋ ਔਰ ਜੁਗਾ ਕੇ ਧਰਮ ਕਹਦੇ ਹੋ। ਉਸ ਕੇ ਪਰਥਾਏ ਸਬਦ ਹੂਆ । ਮਲਾਰ ਮਹਲਾ 3 । ਇਹ ਮਨ ਗਿਰਹੀ ਕਿ ਇਹ ਮਨ...।
41/ਉ ਫਿਰ ਸਲੋਕ ਬਚਨ ਹੂਆ/ ਮਹਲਾ 31 ਨਓਮੀ ਨੇਮ ਸਚ ਜੇ ਕਰੈ ...।
ਤਬ ਇਹ ਬਚਨ ਸੁਨ ਕਰ ਪੰਡਤ ਗਦ ਗਦ ਹੋਇ ਗਇਆ । ਅਰ ਸਤਿਗੁਰ ਕੇ

Digitized by Panjab Digital Library | www.panjabdigilib.org

ਚਰਨਾ ਪਰ ਗਿਰ ਪਹਿਆ । ਅਰ ਪਰਮ ਉਪਦੇਸ ਕੋ ਸੁਨ ਕਰ ਆਤਮ ਤਤ ਕੋ ਪ੍ਰਾਪਤ ਭਇਆ । ਤਬ ਨਿਮਖ ਭਰ ਸਮਾਧ ਕੋ ਅਸਥਿਤ ਭਇਆ। ਫੇਰ ਜਬ ਨੇਤ੍ਰ ਖੁਲੇ ਤਬ ਪੁਸਤਕ ਕੇ ਨਵੇਂ ਉਠਿ ਗੰਗਾ ਮੋ ਪ੍ਰਵਾਹ ਕਰ ਦੀਆ । ਪਰਮਹੰਸ ਹੋ ਕਰ ਸਤਿਗੁਰ ਕੋ ਨਮਸਕਾਰ ਕਰ ਕੇ ਬਿਚਾਰਨੇ ਲਗਾ । ਸਾਖੀ ਪੂਰੀ ਹੋਈ । ਬੋਲੋ ਵਾਹਿਗੁਰੂ 122 ।

ਸਾਖੀ ਹੋਰ ਚਲੀ । ਏਕ ਸਮੇ ਮੋਹਰੀ ਜੀ ਮੋਹਨ ਜੀ ਸਾਹਿਬ ਕਾ ਬਿਆਹ ਹੂਆ । ਤਿਸ ਪਰ ਮੋਹਰੀ ਜੀ ਸਾਹਿਬ ਕੇ ਘਰ ਮੋ ਪੁਤ੍ਰ ਹੋਏ । ਪ੍ਰਥਮੇ
41/ਅ ਜੋ ਬੇਟਾ ਭਇਆ ਤਿਨ ਕਾ ਨਾਉ ਅਰਥ ਮਲ ਰਖਾ । ਬਡੇ ਮਹਾਪੁਰਖ ਤਿਆਗੀ/ ਭਏ । ਅਰ ਉਸੀ ਸਮੇ ਮੇ ਇਕ ਜੁਗੀਸਰ ਪੁਰਖ ਸਾਹਿਬ ਕੋ ਰੋਬਰੇ ਆਇਆ । ਤਬ ਉਸ ਨੇ ਅਰਦਾਸ ਕੀਆ ਹਜੂਰ ਮੋ ਕੀ ਮੈ ਪੁਰਾਤਨ ਜੋਗੀ ਹਉ । ਮੁਝ ਕੋ ਅਨੰਦ ਪਦ ਨਹੀ ਪ੍ਰਾਪਤ ਹੋਤਾ । ਤਬ ਬਚਨ ਹੋਇਆ ਕੀ ਅਨੰਦ ਪਦ ਗਿਆਨ ਸੋ ਹੋਤਾ ਹੈ । ਤਾ ਤੇ ਜੋ ਅਨੰਦ ਪਦ ਚਾਹਤੇ ਹੋ ਤੋ ਤੁਮ ਇਸੀ ਦੇਹੀ ਕਾ ਤਿਆਗ ਕਰੋ ਤੋ ਤੁਮ ਕੋ ਅਨੰਦ ਪਦ ਪ੍ਰਾਪਤ ਹੋਵੈਗਾ । ਤਬ ਉਸ ਜੋਗੀ ਨੇ ਸਰੀਰ ਕਾ ਤਿਆਗ ਕਰ ਕੇ ਬਾਬਾ ਮੋਹਰੀ ਕੇ ਘਰ ਮੋ ਜਨਮ ਲਿਆ । ਜਿਸ ਵਖਤ ਸਾਹਿਬ ਨੇ ਸੁਨਾ ਅਰਦਾਸ ਹੋਈ ਕੀ ਮੋਹਰੀ ਕੇ ਘਰ ਲਡਕਾ ਹੂਆ ਹੈ ਉਸੀ ਵਖਤ ਸਾਹਿਬ ਨੇ ਬਲੂ ਕੋ ਆਗਿਆ ਕਰੀ ਕੀ ਬਲੂ ਹਮਾਰੇ ਘਰ ਸਾਧ ਕਾ ਅਉਤਾਰ ਹੂਆ ਹੈ ਤੂ ਸਾਧ ਕੋ ਰੂਈ ਕੇ ਪਹਲ ਸੋ ਕਰ ਕੇ ਹਮਾਰੇ ਪਾਸ ਲੇ ਆਉ । ਤਬ ਬਲੂ ਕਹਿਆ ਕੀ ਸਚੇ ਪਾਤਸਾਹ ਇਸੀ ਵਖਤ ਬਾਲਕ ਪੈਦਾ ਹੂਆ ਕਿਸ ਤਰਾ ਲੇ ਆਵਾ । ਤਬ ਬਚਨ ਹੋਆ ਕੀ ਬਲੂ ਭੈ ਨ ਕਰਉ ਵਹੁ ਤੋ ਸਾਧ ਹੈ ਉਸ ਕੋ ਕੋਈ ਭੈ ਨਹੀ ਲੇ ਆਉ । ਤਬ ਬਲੂ ਲਿਆਏ । ਤਬ ਸਾਹਿਬ ਨੇ ਹਥਿ ਕਰ ਲੀਆ । ਤਬ ਕਹਾ ਬਲੂ ਮੇਰੇ ਘਰ ਸਾਧ ਕਾ ਅਵਤਾਰ ਆਇਆ ਹੈ । ਇਸ ਕੀ ਭੇਟ ਕਿਆ ਚਾਹੀਏ । ਤਬ ਬਲੂ ਕਹਿਆ ਸਤਿਗੁਰ ਜਾਣੀ ਜਾਣ ਹੈ । ਤਬ ਉਸ ਵਖਤ ਮੋ ਅਨੰਦ ਬਾਣੀ ਕਾ ਉਚਾਰ ਹੋਆ । ਜਬ ਸਭ ਅਨੰਦ ਉਚਾਰ ਹੋ ਚੁਕਾ ਤਬ ਬਲੂ ਕੋ ਆਗਿਆ ਹੋਈ ਇਸ ਲੜਕੇ ਕਾ ਨਾਉ ਅਨੰਦ ਪੁਰਖ ਰਖਾ । ਅਰ ਅਨੰਦ ਹੀ ਇਨ ਕੀ ਭੇਟ ਕੀਆ ਹੈ । ਇਹ ਅਨੰਦ ਬਾਣੀ ਮੇਰੀ ਤੂ ਕੋਠੇ ਪਰ ਚਢਿ ਕਰ ਢੋਲ ਲੇ ਕਰ ਤੂ ਪੰਜ ਪਉੜੀਆਂ ਤੂ ਗਾਉ । ਜੋ ਕੋਈ ਸੁਣੇਗਾ
